# ਸਤਸੰਗਤਿ ਸਤਿਗੁਰ ਚਟਸਾਲ ਹੈ ਜਿਤੁ ਹਰਿ ਗੁਣ ਸਿਖਾ ॥

## Sat Sangat of the True Guru is the school where the glorious virtues of the Akal Purkh are studied.

# ਸਤਸੰਗਤਿ, ਸਾਧਸੰਗਤ

**ਸੰਗਤ** ਦਾ ਲਫਜ਼ ਆਮ ਤੌਰ ਤੇ ਕਿਸੇ ਇਕੱਠ ਨੂੰ ਸੰਬੋਧਨ ਕਰਨ ਲਈ ਵਰਤਿਆ ਜਾਂਦਾ ਹੈ। ਆਮ ਤੌਰ ਤੇ ਜਿਥੇ ਸ਼ਰਾਬਾਂ ਪੀਣ ਵਾਲੇ ਲੋਕ, ਗਲਤ ਗਲਾਂ ਕਰਨ ਵਾਲੇ ਲੋਕ, ਝਗੜਾਲੂ ਲੋਕ, ਇਕੱਠੇ ਹੁੰਦੇ ਹਨ, ਉਸ ਨੂੰ **ਕੁਸੰਗਤ** ਕਿਹਾ ਜਾਂਦਾ ਹੈ। ਵੈਸੇ ਭਾਵੇਂ ਕਿਸੇ ਤਰ੍ਹਾਂ ਦਾ ਵੀ ਇਕੱਠ ਹੋਵੇ, ਉਹ ਆਪਣੇ ਆਪ ਨੂੰ ਸੰਗਤ ਦਾ ਹਿਸਾ ਹੀ ਕਹਿੰਦੇ ਹਨ। ਇਸ ਸਬੰਧੀ ਭੁਲੇਖਾ ਦੂਰ ਕਰਨ ਲਈ ਗੁਰਮਤਿ ਵਿਚ **ਸਤਸੰਗਤਿ, ਸਾਧਸੰਗਤ ਦਾ ਸ਼ਬਦ ਹੀ ਵਰਤਿਆ ਗਿਆ ਹੈ।**

**ਕਿਹੋ ਜਿਹੇ ਇਕੱਠ ਨੂੰ ਸਤਿਸੰਗਤਿ ਸਮਝਣਾ ਚਾਹੀਦਾ ਹੈ**? ਗੁਰਬਾਣੀ ਵਿਚ ਸਪੱਸ਼ਟ ਕਰਕੇ ਸਮਝਾ ਦਿਤਾ ਗਿਆ ਹੈ। ਸਤਿਸੰਗਤਿ ਉਹ ਹੈ, ਜਿਥੇ ਸਿਰਫ ਅਕਾਲ ਪੁਰਖੁ ਦਾ ਨਾਮੁ ਸਲਾਹਿਆ ਜਾਂਦਾ ਹੈ। ਸਤਿ ਸੰਗਤਿ ਵਿਚ ਸਿਰਫ ਅਕਾਲ ਪੁਰਖੁ ਦਾ ਨਾਮੁ ਜਪਣਾ ਹੀ ਉਸ ਦਾ ਹੁਕਮ ਹੈ। ਨਾਮੁ ਤੇ ਹੁਕਮੁ ਦੀ ਸੋਝੀ ਸਿਰਫ ਸਤਿਗੁਰੂ ਹੀ ਦੇ ਸਕਦਾ ਹੈ।

**ਸਤਸੰਗਤਿ ਕੈਸੀ ਜਾਣੀਐ ॥ ਜਿਥੈ ਏਕੋ ਨਾਮੁ ਵਖਾਣੀਐ ॥ ਏਕੋ ਨਾਮੁ ਹੁਕਮੁ ਹੈ ਨਾਨਕ ਸਤਿਗੁਰਿ ਦੀਆ ਬੁਝਾਇ ਜੀਉ ॥੫॥ (੭੨)**

ਜਿਹੜੇ ਮਨੁੱਖ ਸਤਿਸੰਗਤਿ ਵਿਚ ਮਿਲ ਕੇ ਬੈਠਦੇ ਹਨ, ਉਹ ਵਿਅਰਥ ਤੌਖ਼ਲੇ ਫ਼ਿਕਰਾਂ ਤੋਂ ਬਚ ਜਾਂਦੇ ਹਨ ਤੇ ਆਪਣਾ ਮਨੁੱਖਾ ਜਨਮ ਸਫਲ ਕਰ ਲੈਂਦੇ ਹਨ। ਜਿਸ ਤਰ੍ਹਾਂ ਮੂੰਹ ਅੰਦਰ ਖੰਡ ਜਾਣ ਨਾਲ ਹੀ ਮਿਠਾਸ ਪਾਈ ਜਾ ਸਕਦੀ ਹੈ, ਠੀਕ ਉਸੇ ਤਰ੍ਹਾਂ ਗੁਰਬਾਣੀ ਨੂੰ ਹਿਰਦੇ ਵਿਚ ਵਸਾ ਕੇ ਹੀ ਅਨੰਦ ਪ੍ਰਾਪਤ ਕੀਤਾ ਜਾ ਸਕਦਾ ਹੈ। ਇਹ ਗੁਰੂ ਦੀ ਕਿਰਪਾ ਹੀ ਹੈ, ਜਿਸ ਨਾਲ ਮਨੁੱਖ ਨੂੰ ਅਡੋਲਤਾ ਵਾਲੀ ਉੱਚੀ ਆਤਮਕ ਅਵਸਥਾ ਮਿਲ ਸਕਦੀ ਹੈ। ਜਿਸ ਤਰ੍ਹਾਂ ਇਕ ਸੁੱਕੀ ਲੱਕੜੀ ਪਾਣੀ ਨਾਲ ਹਰੀ ਭਰੀ ਹੋ ਜਾਂਦੀ ਹੈ, ਠੀਕ ਉਸੇ ਤਰ੍ਹਾਂ ਗੁਰਬਾਣੀ ਨੂੰ ਹਿਰਦੇ ਵਿਚ ਵਸਾਉਣ ਨਾਲ ਇਕ ਵਿਕਾਰੀ ਮਨੁੱਖ, ਦੁਖਾਂ ਵਿਚੋਂ ਨਿਕਲ ਕੇ ਖੁਸ਼ਹਾਲ ਜੀਵਨ ਬਤੀਤ ਕਰ ਸਕਦਾ ਹੈ।

**ਮੇਰੇ ਮਾਧਉ ਜੀ ਸਤਸੰਗਤਿ ਮਿਲੇ ਸੁ ਤਰਿਆ ॥ ਗੁਰ ਪਰਸਾਦਿ ਪਰਮ ਪਦੁ ਪਾਇਆ ਸੂਕੇ ਕਾਸਟ ਹਰਿਆ ॥੧॥ ਰਹਾਉ ॥ (੧੦)**

ਸਿੱਖ ਧਰਮ ਅਨੁਸਾਰ ਸਤਸੰਗਤਿ ਕੋਈ ਰਵਾਇਤੀ ਜਾਂ ਆਮ ਇਕੱਠ ਨਹੀਂ ਹੈ, ਸਤਸੰਗਤਿ ਨੂੰ ਬਹੁਤ ਉਚਾ ਦਰਜ਼ਾ ਦਿਤਾ ਗਿਆ ਹੈ। ਆਪਣੇ ਆਪ ਨੂੰ ਸਤਸੰਗਤਿ ਦਾ ਹਿਸਾ, ਤਾਂ ਹੀ ਕਹਿ ਸਕਦੇ ਹਾਂ, ਜੇ ਕਰ ਗੁਰੂ ਦੀ ਸ਼ਰਨ ਵਿਚ ਆਉਂਦੇ ਹਾਂ, ਤੇ ਗੁਰੂ ਦੀ ਸੰਗਤ ਕਰਦੇ ਹਾਂ। ਅਸੀਂ ਗੁਰੂ ਦੀ ਸ਼ਰਨ ਵਿਚ ਤਾਂ ਹੀ ਸਵਿਕਾਰੇ ਜਾ ਸਕਦੇ ਹਾਂ, ਜੇ ਕਰ ਗੁਰੂ ਨੂੰ ਅਪਨਾਈਏ, ਗੁਰੂ ਨੂੰ ਆਪਣਾ ਬਣਾਈਏ। ਜੇ ਕਰ ਗੁਰਬਾਣੀ ਅਨੁਸਾਰ ਦਰਸਾਇਆ ਗਿਆ ਅੰਮ੍ਰਿਤ ਛਕੀਏ ਨਾ, ਗੁਰੂ ਨਾਲ ਕੋਈ ਵਾਇਦਾ ਕਰੀਏ ਨਾ, ਗੁਰਬਾਣੀ ਪੜ੍ਹੀਏ ਨਾ, ਸਮਝੀਏ ਨਾ, ਜੀਵਨ ਵਿਚ ਅਪਨਾਈਏ ਨਾ, ਤਾਂ ਗੁਰੂ ਨੂੰ ਆਪਣਾ ਕਿਸ ਤਰ੍ਹਾਂ ਬਣਾ ਸਕਦੇ ਹਾਂ। ਖਾਲੀ ਗੁਰਦੁਆਰਾ ਸਾਹਿਬ ਆਪਣੀ ਹਾਜ਼ਰੀ ਲਵਾ ਕੇ, ਲੰਗਰ ਖਾ ਕੇ ਵਾਪਿਸ ਆ ਜਾਣਾ, ਤਾਂ ਇਸ ਤਰ੍ਹਾਂ ਹੋਇਆ ਕਿ ਸਕੂਲੇ ਤਾਂ ਗਏ, ਹਾਜ਼ਰੀ ਵੀ ਲਵਾ ਲਈ, ਪਰ ਪੜ੍ਹਿਆ ਕੁਝ ਵੀ ਨਾ, ਸਮਝਿਆ ਕੁਝ ਵੀ ਨਾ। ਕੀ ਕੋਈ ਇਸ ਤਰ੍ਹਾਂ ਬਿਨਾ ਪੜ੍ਹਿਆਂ ਪਾਸ ਹੋ ਸਕਦਾ ਹੈ? ਜੇ ਨਹੀਂ ਤਾਂ ਅਸੀਂ ਸਿੱਖੀ ਦੇ ਇਮਤਿਹਾਨ ਵਿਚੋਂ ਕਿਸ ਤਰ੍ਹਾਂ ਪਾਸ ਹੋ ਸਕਦੇ ਹਾਂ। ਅਸੀਂ "ਸੋ ਦਰੁ" ਦੇ ਪਾਠ ਵਿਚ ਰੋਜ਼ਾਨਾ ਪੜਦੇ ਹੀ ਹਾਂ, ਕਿ ਜਿਨ੍ਹਾਂ ਨੇ ਅਕਾਲ ਪੁਰਖੁ ਦੇ ਨਾਮੁ ਦਾ ਸੁਆਦ ਨਹੀਂ ਪ੍ਰਾਪਤ ਕੀਤਾ, ਜਿਨ੍ਹਾਂ ਨੂੰ ਅਕਾਲ ਪੁਰਖੁ ਦਾ ਨਾਮੁ ਨਹੀਂ ਮਿਲਿਆ, ਉਹ ਬਦ ਕਿਸਮਤ ਹਨ, ਉਹ ਜਮਾਂ ਦੇ ਵਸ ਪਏ ਹੋਏ ਸਮਝੋ। ਉਨ੍ਹਾਂ ਮਨੁੱਖਾਂ ਦੇ ਸਿਰ ਉੱਤੇ ਆਤਮਕ ਮੌਤ ਸਦਾ ਸਵਾਰ ਰਹਿੰਦੀ ਹੈ। ਜਿਹੜੇ ਗੁਰੂ ਦੀ ਸ਼ਰਨ ਵਿਚ ਤੇ ਗੁਰੂ ਦੀ ਸਤਸੰਗਤਿ ਵਿਚ ਨਹੀਂ ਆਉਂਦੇ ਹਨ, ਲਾਹਨਤ ਹੈ ਉਨ੍ਹਾਂ ਦੇ ਜੀਊਣ ਨੂੰ, ਉਨ੍ਹਾਂ ਦਾ ਜੀਊਣਾ ਫਿਟਕਾਰ ਜੋਗ ਹੈ। ਜਿਨ੍ਹਾਂ ਅਕਾਲ ਪੁਰਖੁ ਦੇ ਸੇਵਕਾਂ ਨੂੰ ਗੁਰੂ ਦੀ ਸੰਗਤਿ ਵਿਚ ਬੈਠਣਾ ਨਸੀਬ ਹੋਇਆ ਹੈ, ਸਮਝੋ ਉਨ੍ਹਾਂ ਦੇ ਮੱਥੇ ਉਤੇ ਧੁਰ ਤੋਂ ਹੀ ਚੰਗਾ ਲੇਖ ਲਿਖਿਆ ਹੋਇਆ ਹੈ। ਗੁਰੂ ਦੀ ਸਤਸੰਗਤਿ ਧੰਨ ਹੈ! ਜਿਸ ਵਿਚ ਬੈਠਿਆਂ ਅਕਾਲ ਪੁਰਖੁ ਦੇ ਨਾਮੁ ਦਾ ਆਨੰਦ ਮਿਲਦਾ ਹੈ, ਜਿਥੇ ਗੁਰਮੁਖਾਂ ਨੂੰ ਮਿਲਿਆਂ ਹਿਰਦੇ ਵਿਚ ਅਕਾਲ ਪੁਰਖੁ ਦੇ ਨਾਮੁ ਦਾ ਪ੍ਰਕਾਸ਼ ਹੋ ਜਾਂਦਾ ਹੈ।

**ਜਿਨ ਹਰਿ ਹਰਿ ਹਰਿ ਰਸੁ ਨਾਮੁ ਨ ਪਾਇਆ ਤੇ ਭਾਗਹੀਣ ਜਮ ਪਾਸਿ ॥ ਜੋ ਸਤਿਗੁਰ ਸਰਣਿ ਸੰਗਤਿ ਨਹੀ ਆਏ ਧ੍ਰਿਗੁ ਜੀਵੇ ਧ੍ਰਿਗੁ ਜੀਵਾਸਿ ॥੩॥ ਜਿਨ ਹਰਿ ਜਨ ਸਤਿਗੁਰ ਸੰਗਤਿ ਪਾਈ ਤਿਨ ਧੁਰਿ ਮਸਤਕਿ ਲਿਖਿਆ ਲਿਖਾਸਿ ॥ ਧਨੁ ਧੰਨੁ ਸਤਸੰਗਤਿ ਜਿਤੁ ਹਰਿ ਰਸੁ ਪਾਇਆ ਮਿਲਿ ਜਨ ਨਾਨਕ ਨਾਮੁ ਪਰਗਾਸਿ ॥੪॥੪॥ (੧੦)**

ਹਿਰਦੇ ਵਿਚ ਪ੍ਰਕਾਸ਼ ਤਾਂ ਹੋ ਸਕਦਾ ਹੈ, ਜੇ ਕਰ ਗੁਰਬਾਣੀ ਪੜ੍ਹੀਏ, ਸਮਝੀਏ ਤੇ ਜੀਵਨ ਵਿਚ ਅਪਨਾਈਏ, ਕਿਉਂਕਿ ਗੁਰੂ ਸਾਹਿਬ ਦੀ ਬਾਣੀ ਹੀ ਸਿੱਖ ਦਾ ਗੁਰੂ ਹੈ, ਗੁਰੂ, ਬਾਣੀ ਵਿਚ ਮੌਜੂਦ ਹੈ। ਗੁਰੂ ਦੀ ਬਾਣੀ ਵਿਚ ਆਤਮਕ ਜੀਵਨ ਦੇਣ ਵਾਲਾ ਨਾਮੁ ਰੂਪੀ ਅੰਮ੍ਰਿਤ ਹੈ। ਗੁਰੂ ਬਾਣੀ ਉਚਾਰਦਾ ਹੈ, ਗੁਰੂ ਦਾ ਸੇਵਕ ਉਸ ਬਾਣੀ ਉਤੇ ਸਰਧਾ ਧਾਰਦਾ ਹੈ। ਗੁਰੂ ਉਸ ਸਿੱਖ ਨੂੰ ਯਕੀਨੀ ਤੌਰ ਤੇ ਸੰਸਾਰ ਸਮੁੰਦਰ ਤੋਂ ਪਾਰ ਲਗਾ ਦੇਂਦਾ ਹੈ।

**ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ॥ ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ ॥੫॥ (੯੮੨)**

ਇਸ ਲਈ ਗੁਰੂ ਦੇ ਦਰ ਤੇ ਰਹਿ ਕੇ ਅਕਾਲ ਪੁਰਖੁ ਦੀ ਸਿਫ਼ਤਿ ਸਾਲਾਹ ਸੁਣਨੀ ਚਾਹੀਦੀ ਹੈ, ਤਾਂ ਜੋ ਅਕਾਲ ਪੁਰਖੁ ਦੇ ਗੁਣ ਸਾਡੇ ਵਿਚ ਵੱਸ ਜਾਣ। ਸਤਿਗੁਰੂ ਅੱਗੇ ਆਪਣਾ ਸਭ ਕੁਝ ਅਰਪਨ ਕਰ ਦੇਣਾ ਹੈ, ਤਾਂ ਜੋ ਅੰਦਰ ਦੀ ਹਉਮੈ ਨਿਕਲ ਜਾਵੇ। ਹਰੀ ਦਾ ਜਸ ਮੂੰਹੋਂ ਉਚਾਰਨਾ ਚਾਹੀਦਾ ਹੈ, ਤਾਂ ਜੋ ਸਾਡਾ ਸੁਭਾਅ ਵੀ ਉਸ ਅਕਾਲ ਪੁਰਖੁ ਵਰਗਾ ਹੋ ਜਾਵੇ। ਇਸ ਤਰ੍ਹਾਂ ਕਰਨ ਨਾਲ ਗੁਰੂ, ਮਨੁੱਖ ਦੇ ਸਾਰੇ ਝਗੜੇ ਕਲੇਸ਼ ਮਿਟਾ ਦੇਂਦਾ ਹੈ ਅਤੇ ਮਨੁੱਖ ਨੂੰ ਅਕਾਲ ਪੁਰਖੁ ਦੀ ਹਜ਼ੂਰੀ ਵਿਚ ਆਦਰ ਸਤਿਕਾਰ ਮਿਲਦਾ ਹੈ।

*ਗੁਰ ਦੁਆਰੈ ਹਰਿ ਕੀਰਤਨੁ ਸੁਣੀਐ ॥ ਸਤਿਗੁਰੁ ਭੇਟਿ ਹਰਿ ਜਸੁ ਮੁਖਿ ਭਣੀਐ ॥ ਕਲਿ ਕਲੇਸ ਮਿਟਾਏ ਸਤਿਗੁਰੁ ਹਰਿ ਦਰਗਹ ਦੇਵੈ ਮਾਨਾਂ ਹੇ ॥੪॥ (੧੦੭੪-੧੦੭੫)*

ਸਤਸੰਗਤਿ ਸਤਿਗੁਰੂ ਦੀ ਪਾਠਸ਼ਾਲਾ ਹੈ, ਜਿਥੇ ਅਕਾਲ ਪੁਰਖੁ ਦੇ ਗੁਣ ਸਿਖੇ ਜਾ ਸਕਦੇ ਹਨ। ਧੰਨ ਹੈ ਉਹ ਜੀਭ, ਜਿਹੜੀ ਅਕਾਲ ਪੁਰਖੁ ਦਾ ਨਾਮੁ ਜਪਦੀ ਹੈ, ਧੰਨ ਹਨ ਉਹ ਹੱਥ, ਜਿਹੜੇ ਸਾਧਸੰਗਤਿ ਵਿਚ ਸੇਵਾ ਕਰਦੇ ਹਨ, ਧੰਨ ਹੈ ਉਹ ਪਾਂਧਾ ਗੁਰੂ, ਜਿਸ ਦੀ ਰਾਹੀਂ ਅਕਾਲ ਪੁਰਖੁ ਨੂੰ ਮਿਲ ਕੇ ਉਸ ਦੀ ਸਿਫ਼ਤਿ ਸਾਲਾਹ ਦੀਆਂ ਗੱਲਾਂ ਕਰ ਸਕਦੇ ਹਾਂ। ਜਿਸ ਤਰ੍ਹਾਂ ਬੱਚੇ ਜਦੋਂ ਸਕੂਲ ਜਾਂਦੇ ਹਨ, ਤਾਂ ਉਹ ਆਪਣੀਆਂ ਕਾਪੀਆਂ, ਕਿਤਾਬਾਂ, ਪੈਨ, ਪੈਨਸਲ ਨਾਲ ਲੈ ਕੇ ਜਾਂਦੇ ਹਨ। ਅਧਿਆਪਕ ਜੋ ਵੀ ਪੜਾਉਂਦਾ ਹੈ, ਬੱਚੇ ਉਸ ਨੂੰ ਨਾਲ ਨਾਲ ਨੋਟ ਕਰਦੇ ਹਨ, ਘਰ ਜਾਂ ਕੇ ਉਸ ਨੂੰ ਦੁਬਾਰਾ ਪੜ੍ਹਕੇ ਯਾਦ ਕਰਦੇ ਹਨ। ਅਸੀਂ ਵੀ ਸਤਿਗੁਰੂ ਦੀ ਪਾਠਸ਼ਾਲਾ, ਭਾਵ ਗੁਰਦੁਆਰਾ ਸਾਹਿਬ ਜਾਂਦੇ ਹਾਂ। ਕੀ ਅਸੀਂ ਕਦੇ ਆਪਣੇ ਨਾਲ ਕਾਪੀ, ਪੈਨ, ਪੈਨਸਲ ਲੈ ਕੇ ਗਏ ਹਾਂ, ਤਾਂ ਜੋ ਗੁਰਬਾਣੀ ਰਾਹੀ ਦੱਸੀ ਗਈ ਮਤ ਨੋਟ ਕਰ ਸਕੀਏ? ਗੁਰਦੁਆਰਾ ਸਾਹਿਬ ਵਿਚ ਜੋ ਸ਼ਬਦ ਗਾਇਨ ਕੀਤਾ ਗਿਆ, ਗੁਰਮਤਿ ਵਿਚਾਰ ਦੱਸੀ ਗਈ, ਗੁਰ ਇਤਿਹਾਸ ਸਬੰਧੀ ਜਾਣਕਾਰੀ ਦਿਤੀ ਗਈ, ਕੀ ਅਸੀਂ ਕਦੇ ਘਰ ਆ ਕੇ ਉਸ ਨੂੰ ਦੁਬਾਰਾ ਪੜ੍ਹਕੇ ਯਾਦ ਕਰਦੇ ਹਨ? ਜਿਹੜੇ ਬੱਚੇ ਸਬਕ ਯਾਦ ਨਹੀਂ ਕਰਦੇ ਹਨ, ਅਧਿਆਪਕ ਉਨ੍ਹਾਂ ਨੂੰ ਸਜਾ ਦੇਂਦਾ ਹੈ, ਉਹ ਫੇਲ ਹੋ ਜਾਂਦੇ ਹਨ। ਜੇ ਕਰ ਅਸੀਂ ਗੁਰਬਾਣੀ ਨੂੰ ਘਰ ਆ ਕੇ, ਉਸ ਨੂੰ ਦੁਬਾਰਾ ਪੜ੍ਹਦੇ ਨਹੀਂ, ਸਮਝਦੇ ਨਹੀਂ ਤੇ ਵੀਚਾਰਦੇ ਨਹੀਂ, ਤਾਂ ਅਸੀਂ ਗੁਰੂ ਸਾਹਿਬ ਕੋਲ ਕਿਵੇਂ ਪਰਵਾਨ ਹੋ ਸਕਦੇ ਹਾਂ। ਅਜੇਹਾ ਕਰਾਂਗੇ ਤਾਂ ਅਕਾਲ ਪੁਰਖੁ ਦੇ ਦਰ ਤੇ ਸਜਾ ਹੀ ਮਿਲੇਗੀ।

**ਸਤਸੰਗਤਿ ਸਤਿਗੁਰ ਚਟਸਾਲ ਹੈ ਜਿਤੁ ਹਰਿ ਗੁਣ ਸਿਖਾ ॥ ਧਨੁ ਧੰਨੁ ਸੁ ਰਸਨਾ ਧੰਨੁ ਕਰ ਧੰਨੁ ਸੁ ਪਾਧਾ ਸਤਿਗੁਰੂ ਜਿਤੁ ਮਿਲਿ ਹਰਿ ਲੇਖਾ ਲਿਖਾ ॥੮॥ (੧੩੧੬)**

ਜੇ ਕਰ ਜੀਵਨ ਵਿਚ ਕੁਝ ਪ੍ਰਾਪਤੀ ਕਰਨੀ ਹੈ, ਤਾਂ ਮਿਹਨਤ ਕਰਨੀ ਪਵੇਗੀ, ਖੋਜ਼ ਕਰਨ ਨਾਲ ਹੀ ਕੁਝ ਮਿਲ ਸਕਦਾ ਹੈ। ਗੁਰੂ ਸਾਹਿਬ ਸੁਚੇਤ ਕਰਦੇ ਹਨ, ਕਿ ਭਾਲ ਕਰਦਿਆਂ ਕਰਦਿਆਂ, ਮੈਂ ਇਹੀ ਸੁਣਿਆ, ਭਾਵ ਇਸ ਨਤੀਜੇ ਤੇ ਪਹੁੰਚਿਆ ਹਾਂ, ਕਿ ਸਾਧਸੰਗਤਿ ਤੋਂ ਬਿਨਾ, ਤ੍ਰਿਸ਼ਨਾ ਦੇ ਹੜ ਤੋਂ, ਕੋਈ ਜੀਵ ਪਾਰ ਨਹੀਂ ਲੰਘ ਸਕਿਆ। ਜਿਸ ਦੇ ਮੱਥੇ ਉਤੇ ਚੰਗਾ ਭਾਗ ਜਾਗਿਆ, ਉਸ ਨੇ ਗੁਰੂ ਲੱਭ ਲਿਆ, ਉਸ ਦੀ ਹਰੇਕ ਆਸ ਪੂਰੀ ਹੋ ਗਈ, ਉਸ ਦਾ ਮਨ ਰੱਜ ਗਿਆ। ਜਦੋਂ ਜੀਵ ਗੁਰੂ ਦੀ ਸਰਨ ਪੈ ਕੇ ਅਕਾਲ ਪੁਰਖੁ ਨੂੰ ਮਿਲ ਪਿਆ, ਉਸ ਦੀ ਅੰਦਰਲੀ ਤ੍ਰਿਸ਼ਨਾ ਦੀ ਭੜਕੀ ਮੁੱਕ ਗਈ, ਉਸ ਨੇ ਆਪਣੇ ਮਨ ਵਿਚ, ਆਪਣੇ ਹਿਰਦੇ ਵਿਚ ਵੱਸਦਾ ਅਕਾਲ ਪੁਰਖੁ ਲੱਭ ਲਿਆ।

**ਆਸਾ ਮਹਲਾ ੫ ॥ ਖੋਜਤ ਖੋਜਤ ਸੁਨੀ ਇਹ ਸੋਇ ॥ ਸਾਧਸੰਗਤਿ ਬਿਨੁ ਤਰਿਓ ਨ ਕੋਇ ॥ ਜਿਸੁ ਮਸਤਕਿ ਭਾਗੁ ਤਿਨਿ ਸਤਿਗੁਰੁ ਪਾਇਆ ॥ ਪੂਰੀ ਆਸਾ ਮਨੁ ਤ੍ਰਿਪਤਾਇਆ ॥ ਪ੍ਰਭ ਮਿਲਿਆ ਤਾ ਚੂਕੀ ਡੰਝਾ ॥ ਨਾਨਕ ਲਧਾ ਮਨ ਤਨ ਮੰਝਾ ॥੪॥੧੧॥ (੩੭੩)**

ਇਹੀ ਕਾਰਨ ਹੈ ਕਿ ਅਕਾਲ ਪੁਰਖੁ ਦੇ ਭਗਤ ਸਦਾ ਹੀ ਅਕਾਲ ਪੁਰਖੁ ਦਾ ਨਾਮੁ ਆਪਣੇ ਹਿਰਦੇ ਵਿਚ ਵਸਾ ਕੇ ਰੱਖਦੇ ਹਨ। ਸਾਧ ਸੰਗਤਿ ਦੇ ਇਕ ਪਲ ਭਰ ਦੇ ਸੁਖ ਨੂੰ, ਉਹ ਇਸ ਤਰ੍ਹਾਂ ਸਮਝਦੇ ਹਨ, ਜਿਸ ਤਰ੍ਹਾਂ ਕਿ ਕਰੋੜਾਂ ਸਵਰਗ ਹਾਸਲ ਕਰ ਲਏ ਹੋਣ। ਇਸ ਲਈ ਜੇ ਕਰ ਸੁਖ ਚਾਹੁੰਦੇ ਹਾਂ, ਤਾਂ ਗੁਰੂ ਦੀ ਸੰਗਤ, ਭਾਵ ਗੁਰਬਾਣੀ ਦੀ ਸੰਗਤ ਹਰ ਸਮੇਂ ਕਰਨੀ ਪਵੇਗੀ।

**ਸਾਰਗ ਮਹਲਾ ੫ ॥ ਹਰਿ ਜਨ ਰਾਮ ਰਾਮ ਰਾਮ ਧਿਆਂਏ ॥ ਏਕ ਪਲਕ ਸੁਖ ਸਾਧ ਸਮਾਗਮ ਕੋਟਿ ਬੈਕੁੰਠਹ ਪਾਂਏ ॥੧॥ ਰਹਾਉ ॥ (੧੨੦੮)**

ਗੁਰਬਾਣੀ ਸਮਝਣ ਤੇ ਵਿਚਾਰਨ ਨਾਲ ਇਹ ਸਮਝ ਆ ਜਾਂਦੀ ਹੈ, ਕਿ ਜੀਵਨ ਨੂੰ ਸੇਧ ਦੇਣ ਲਈ ਸਤਸੰਗਤਿ ਬਹੁਤ ਜਰੂਰੀ ਹੈ। ਸਤਸੰਗਤਿ ਵਿਚ ਮਿਲ ਕੇ ਬੈਠਣ ਨਾਲ ਵਿਕਾਰੀ ਵੀ ਪਵਿਤਰ ਹੋ ਕੇ ਕਬੂਲ ਹੋ ਜਾਂਦਾ ਹੈ। ਜਿਵੇਂ ਚੰਦਨ ਦੇ ਨੇੜੇ ਵਿਚਾਰਾ ਅਰਿੰਡ ਦਾ ਬੂਟਾ ਵੱਸਦਾ ਹੈ, ਤੇ ਸੁਗੰਧਿਤ ਹੋ ਜਾਂਦਾ ਹੈ, ਤਿਵੇਂ ਸਾਧਸੰਗਤਿ ਵਿਚ ਮਿਲ ਕੇ ਵਿਕਾਰੀ ਵੀ ਪਵਿਤਰ ਹੋ ਕੇ ਕਬੂਲ ਹੋ ਜਾਂਦਾ ਹੈ।

**ਜਿਉ ਚੰਦਨ ਨਿਕਟਿ ਵਸੈ ਹਿਰਡੁ ਬਪੁੜਾ ਤਿਉ ਸਤਸੰਗਤਿ ਮਿਲਿ ਪਤਿਤ ਪਰਵਾਣੁ ॥ (੮੬੧)**

**ਸਤਸੰਗਤਿ ਵਿਚ ਗੁਰਮੁਖਾਂ ਦੀ ਚਰਨੀਂ ਲੱਗ ਕੇ, ਭਾਵ ਜਿਸ ਗੁਰਮਤਿ ਦੇ ਮਾਰਗ ਤੇ ਉਹ ਚਲਦੇ ਹਨ, ਉਸ ਮਾਰਗ ਤੇ ਚਲ ਕੇ ਅਸੀਂ ਵੀ ਉਚੇ ਜੀਵਨ ਵਾਲੇ ਬਣ ਸਕਦੇ ਹਾਂ**। ਜਿਵੇ ਪਿਪਲ, ਛਿਛਰੇ ਨੂੰ ਖਾ ਕੇ ਆਪਣੇ ਵਿਚ ਅਭੇਦ ਕਰ ਲੈਦਾ ਹੈ। ਇਸੇ ਤਰ੍ਹਾਂ **ਗੁਰਮੁਖਾਂ** ਦੀ ਸੰਗਤਿ ਵਿਚ ਰਹਿ ਕੇ, **ਗੁਰਮਤਿ ਦੇ ਮਾਰਗ ਤੇ ਚਲ** ਕੇ, ਮਨੁੱਖ ਦੇ ਵਿਕਾਰ ਮਿਟ ਜਾਂਦੇ ਹਨ, ਤੇ ਉਹ ਉਚੇ ਜੀਵਨ ਵਾਲਾ ਬਣ ਜਾਂਦਾ ਹੈ।

**ਸੰਗਤਿ ਸੰਤ ਸੰਗਿ ਲਗਿ ਊਚੇ ਜਿਉ ਪੀਪ ਪਲਾਸ ਖਾਇ ਲੀਜੈ ॥ ਸਭ ਨਰ ਮਹਿ ਪ੍ਰਾਨੀ ਊਤਮੁ ਹੋਵੈ ਰਾਮ ਨਾਮੈ ਬਾਸੁ ਬਸੀਜੈ ॥੪॥ (੧੩੨੫)**

**ਸਤਸੰਗਤਿ ਵਿਚ ਹੰਕਾਰੀ ਬਣ ਕੇ ਨਹੀਂ ਆਉਂਣਾਂ ਹੈ। ਇਸ ਦੀ ਉਦਾਹਰਣ ਕੁਦਰਤ ਨੇ ਵੀ ਦਿੱਤੀ ਹੈ।** ਬਾਂਸ ਦਾ ਬੂਟਾ ਉੱਚਾ ਲੰਮਾ ਹੋਣ ਦੇ ਮਾਣ ਵਿਚ ਡੁੱਬਿਆ ਰਹਿੰਦਾ ਹੈ। ਜਿਸ ਤਰ੍ਹਾਂ ਬਾਂਸ ਅੰਦਰੋਂ ਖੋਖਲਾ ਹੁੰਦਾਂ ਹੈ, ਠੀਕ ਉਸੇ ਤਰ੍ਹਾਂ ਹੰਕਾਰੀ ਬੰਦੇ ਦੇ ਅੰਦਰ ਕੋਈ ਗੁਣ ਨਹੀਂ ਹੁੰਦੇ ਹਨ। ਬਾਂਸ ਦੇ ਦੋ ਟੁਕੜੇ ਆਪਸ ਵਿਚ ਰਗੜ ਕੇ ਅੱਗ ਦੀ ਚਿੰਗਾੜੀ ਪੈਦਾ ਕਰਦੇ ਹਨ, ਹੰਕਾਰੀ ਬੰਦੇ ਵੀ ਆਪਸ ਵਿਚ ਝਗੜਦੇ ਤੇ ਨਫਰਤ ਕਰਦੇ ਰਹਿੰਦੇ ਹਨ। ਬਾਸ ਭਾਵੇ ਚੰਦਨ ਦੇ ਨੇੜੇ ਵੀ ਉਗਿਆ ਹੋਵੇ, ਉਸ ਵਿਚ ਚੰਦਨ ਵਾਲੀ ਸੁਗੰਧੀ ਨਹੀਂ ਆਉਦੀ। ਜਿਤਨੀ ਦੇਰ ਤਕ ਅੰਦਰ ਹੰਕਾਰ ਹੈ, ਉਤਨੀ ਦੇਰ ਤਕ ਅੰਦਰ ਨਾਮੁ ਨਹੀਂ ਵਸ ਸਕਦਾ। ਇਸ ਲਈ ਕਬੀਰ ਸਾਹਿਬ ਚਿਤਾਵਨੀ ਦੇਂਦੇ ਹਨ, ਕਿ ਤੁਸੀਂ ਵੀ ਕਿਤੇ ਬਾਂਸ ਵਾਂਗੂੰ ਹਉਮੈ ਵਿਚ ਨਾ ਡੁੱਬ ਜਾਇਓ।

**ਸਲੋਕ ਭਗਤ ਕਬੀਰ ਜੀਉ ਕੇ ॥ ਕਬੀਰ ਬਾਂਸੁ ਬਡਾਈ ਬੂਡਿਆ ਇਉ ਮਤ ਡੂਬਹੁ ਕੋਇ ॥ ਚੰਦਨ ਕੈ ਨਿਕਟੇ ਬਸੈ ਬਾਂਸੁ ਸੁਗੰਧੁ ਨ ਹੋਇ ॥੧੨॥ (੧੩੬੫)**

ਪੈਸੇ ਤੇ ਪਦਵੀ ਕਰਕੇ ਅੱਜ ਕੱਲ ਆਮ ਲੋਕਾਂ ਦੇ ਅੰਦਰ ਬਹੁਤ ਹੰਕਾਰ ਆ ਗਿਆ ਹੈ। ਕੁਝ ਲੋਕ ਤਾਂ ਇਹ ਕਹਿੰਦੇ ਫਿਰਦੇ ਹਨ, ਕਿ ਮਨ ਸਾਫ ਚਾਹੀਦਾ ਹੈ, ਗੁਰਦੁਆਰੇ ਆਉਣ ਦੀ ਕੀ ਲੋੜ ਹੈ, ਨਾਮੁ ਰੂਪੀ ਅੰਮ੍ਰਿਤ ਛਕਣ ਦੀ ਕੀ ਲੋੜ ਹੈ। ਇਹੋ ਜਿਹੀਆਂ ਗੱਲਾਂ ਉਹੀ ਲੋਗ ਕਰਦੇ

ਹਨ, ਜਿਨ੍ਹਾਂ ਨੂੰ ਆਪਣੀ ਅਮੀਰੀ ਜਾ ਵਿਦਿਆ ਦਾ ਹੰਕਾਰ ਹੁੰਦਾ ਹੈ, ਅਤੇ ਜਾ ਉਹ ਆਲਸੀ ਜਾ ਸ਼ਰਾਬੀ ਹੁੰਦੇ ਹਨ, ਤੇ ਅਗਿਆਨਤਾ ਵਿਚ ਜੀਵਨ ਬਤੀਤ ਕਰ ਰਹੇ ਹੁੰਦੇ ਹਨ। ਇਹੋ ਜਿਹੇ ਲੋਕਾਂ ਲਈ ਗੁਰੂ ਅਰਜਨ ਸਾਹਿਬ ਨੇ ਸੁਖਮਨੀ ਸਾਹਿਬ ਵਿਚ ਫਰਮਾਇਆ ਹੈ, ਕਿ ਜੋ ਮਨੁੱਖ ਆਪਣੇ ਆਪ ਨੂੰ ਨੇਕ ਅਖਵਾਉਦਾ ਹੈ, ਨੇਕੀ ਉਸ ਦੇ ਨੇੜੇ ਵੀ ਨਹੀਂ ਢੁਕਦੀ।

**ਆਪਸ ਕਉ ਜੋ ਭਲਾ ਕਹਾਵੈ ॥ ਤਿਸਹਿ ਭਲਾਈ ਨਿਕਟਿ ਨ ਆਵੈ ॥ (੨੭੮)**

ਗੁਰਬਾਣੀ ਤੋਂ ਦੂਰ ਰਹਿਣ ਵਾਲਾ ਮਨੁੱਖ ਕੁਸੰਗਤ ਵਲ ਚਲਿਆ ਜਾਂਦਾ ਹੈ। ਕੁਸੰਗਤ ਦੀ ਮਾਰ ਮਨੁੱਖ ਨੂੰ ਅਜਿਹੀ ਪੈਂਦੀ ਹੈ, ਜਿਵੇ ਬੇਰੀ ਦੇ ਬੂਟੇ ਪਾਸ ਉਗੇ ਹੋਏ ਕੇਲੇ ਦਾ ਹਾਲ ਹੁੰਦਾ ਹੈ। ਜਿਉ ਜਿਉ ਬੇਰੀ ਹੁਲਾਰੇ ਲੈਂਦੀ ਹੈ, ਉਹ ਗਰੀਬ ਕੇਲਾ ਚੀਰੀਦਾ ਹੈ। ਭਾਵੇਂ ਕੇਲੇ ਦਾ ਬੂਟਾ ਬਹੁਤ ਸਾਫ ਹੁੰਦਾਂ ਹੈ, ਪਰ ਭੈੜੀ ਸੰਗਤ ਕਰਕੇ, ਉਹ ਬਰਬਾਦ ਹੋ ਜਾਂਦਾ ਹੈ। ਭੈੜੀ ਸੰਗਤ ਵਿਚ ਬੈਠਣ ਨਾਲ ਵਿਕਾਰਾਂ ਦਾ ਅਸਰ, ਇਕ ਆਮ ਮਨੁੱਖ ਤੇ ਵੀ ਹੋ ਜਾਂਦਾ ਹੈ, ਜਿਸ ਕਰਕੇ ਉਸ ਦਾ ਜੀਵਨ ਵਿਕਾਰਾ ਵਾਲਾ ਹੋ ਜਾਂਦਾ ਹੈ, ਤੇ ਉਹ ਸਰੀਰਕ ਤੌਰ ਤੇ ਜਿਊਂਦਾ ਹੋਇਆ ਵੀ ਆਤਮਕ ਤੌਰ ਤੇ ਮਰਿਆ ਰਹਿੰਦਾ ਹੈ ਤੇ ਦੁਖਾਂ ਵਿਚ ਜੀਵਨ ਬਤੀਤ ਕਰਦਾ ਹੈ।

**ਸਲੋਕ ਭਗਤ ਕਬੀਰ ਜੀਉ ਕੇ ॥ ਕਬੀਰ ਮਾਰੀ ਮਰਉ ਕੁਸੰਗ ਕੀ ਕੇਲੇ ਨਿਕਟਿ ਜੁ ਬੇਰਿ ॥ ਉਹ ਝੂਲੈ ਉਹ ਚੀਰੀਐ ਸਾਕਤ ਸੰਗੁ ਨ ਹੇਰਿ ॥੮੮॥ (੧੩੬੯)**

ਕੁਸੰਗਤ ਤਿਆਗ ਕੇ ਸਤਸੰਗਤਿ ਵਿਚ ਆਉਣ ਵਾਲੇ ਮਨੁੱਖ ਦਾ ਜੀਵਨ ਸਫਲ ਹੋ ਜਾਂਦਾ ਹੈ। ਸਤਸੰਗਤਿ ਵਿਚ ਅਕਾਲ ਪੁਰਖੁ ਦਾ ਨਾਮ ਰੂਪੀ ਖ਼ਜ਼ਾਨਾ ਹੈ, ਸਤਸੰਗਤਿ ਵਿਚੋਂ ਹੀ ਅਕਾਲ ਪੁਰਖੁ ਮਿਲਦਾ ਹੈ; ਸਤਸੰਗਤਿ ਵਿਚ ਰਹਿਣ ਨਾਲ ਸਤਿਗੁਰੂ ਦੀ ਕਿਰਪਾ ਦੁਆਰਾ ਹਿਰਦੇ ਵਿਚ ਅਕਾਲ ਪੁਰਖੁ ਦੇ ਨਾਮੁ ਦਾ ਪ੍ਰਕਾਸ਼ ਹੋ ਜਾਂਦਾ ਹੈ, ਤੇ ਮਾਇਆ ਦੇ ਮੋਹ ਦਾ ਹਨੇਰਾ ਦੂਰ ਹੋ ਜਾਂਦਾ ਹੈ। ਜਿਵੇਂ ਪਾਰਸ ਨਾਲ ਛੋਹਿਆਂ ਲੋਹਾ, ਸੋਨਾ ਬਣ ਜਾਂਦਾ ਹੈ, ਇਸੇ ਤਰ੍ਹਾਂ ਜੇ ਸਤਿਗੁਰੂ ਮਿਲ ਜਾਏ, ਤਾਂ ਗੁਰੂ ਦੀ ਛੁਹ ਨਾਲ ਨਾਮੁ ਮਿਲ ਜਾਂਦਾ ਹੈ, ਗੁਰੂ ਨੂੰ ਮਿਲ ਕੇ ਅਕਾਲ ਪੁਰਖੁ ਨਾਮੁ ਹਿਰਦੇ ਵਿਚ ਵਸ ਜਾਂਦਾ ਹੈ। ਪਰੰਤੂ ਅਕਾਲ ਪੁਰਖੁ ਦਾ ਦੀਦਾਰ ਉਨ੍ਹਾਂ ਨੂੰ ਪ੍ਰਾਪਤ ਹੁੰਦਾ ਹੈ, ਜਿਨ੍ਹਾਂ ਦੇ ਭਾਗਾਂ ਵਿਚ ਪਿਛਲੀ ਕੀਤੀ ਭਲਿਆਈ ਮੌਜੂਦ ਹੈ।

**ਪਉੜੀ ॥ ਸਤਸੰਗਤਿ ਨਾਮੁ ਨਿਧਾਨੁ ਹੈ ਜਿਥਹੁ ਹਰਿ ਪਾਇਆ ॥ ਗੁਰ ਪਰਸਾਦੀ ਘਟਿ ਚਾਨਣਾ ਆਨ੍ਹੇਰੁ ਗਵਾਇਆ ॥ ਲੋਹਾ ਪਾਰਸਿ ਭੇਟੀਐ ਕੰਚਨੁ ਹੋਇ ਆਇਆ ॥ ਨਾਨਕ ਸਤਿਗੁਰਿ ਮਿਲਿਐ ਨਾਉ ਪਾਈਐ ਮਿਲਿ ਨਾਮੁ ਧਿਆਇਆ ॥ ਜਿਨ੍ ਕੈ ਪੋਤੈ ਪੁੰਨੁ ਹੈ ਤਿਨ੍ਹੀ ਦਰਸਨੁ ਪਾਇਆ ॥੧੯॥ (੧੨੪੪-੧੨੪੫)**

ਆਪਣੇ ਮਨ ਨੂੰ ਇਹੀ ਸਮਝਾਉਣਾਂ ਹੈ, ਕਿ ਅਕਾਲ ਪੁਰਖੁ ਦੇ ਨਾਮੁ ਦੇ ਗੁਣ ਗਾਇਆ ਕਰ, ਤਾਂ ਜੋ ਤੇਰੇ ਵਿਚ ਵੀ ਉਹੀ ਗੁਣ ਪੈਦਾ ਹੋ ਜਾਣ। ਜਿਸ ਮਨੁੱਖ ਉਤੇ ਗੁਰੂ ਦਇਆਲ ਹੋ ਜਾਏ, ਤਾਂ ਉਸ ਦਾ ਮਨ ਮਾਇਆ ਦੇ ਮੋਹ ਦੀ ਨੀਂਦ ਵਿਚੋਂ ਜਾਗ ਪੈਂਦਾ ਹੈ, ਉਹ ਮਨੁੱਖ ਅਕਾਲ ਪੁਰਖੁ ਦੇ ਨਾਮੁ ਦਾ ਰਸ ਸੁਆਦ ਨਾਲ ਪੀਂਦਾ ਹੈ। ਇਸ ਲਈ **ਸੱਭ ਤੋਂ ਉਤਮ ਸੰਗਤ ਸਤਿਗੁਰੂ {ਸ਼ਬਦ} ਦੀ ਹੈ।** ਕਿਉਕਿ ਮਨੁੱਖ ਗੁਰਬਾਣੀ ਦੁਆਰਾ ਅਕਾਲ ਪੁਰਖੁ ਦੇ ਗੁਣ ਗਾਉਂਦਾ ਹੈ। ਇਸ ਲਈ ਅਕਾਲ ਪੁਰਖੁ ਅੱਗੇ ਇਹੀ ਬੇਨਤੀ ਕਰਨੀ ਹੈ, ਕਿ ਮੇਰੇ ਤੇ ਮਿਹਰ ਕਰੋ, ਮੈਨੂੰ ਸਤਸੰਗਤਿ ਮਿਲਾ ਦਿਉ, ਤਾਂ ਜੋ ਉਥੇ ਮੈਂ ਤੇਰੇ ਗੁਰਮੁਖਾਂ ਦੇ ਪੈਰ ਧੋਵਾਂ, ਭਾਵ ਉਨ੍ਹਾਂ ਦੇ ਪਾਏ ਹੋਏ ਪੂਰਨਿਆ ਤੇ ਚਲ ਸਕਾ। ਜਿਸ ਮਨੁੱਖ ਨੇ ਗੁਰੂ ਦੇ ਸ਼ਬਦ ਵਿਚ ਜੁੜ ਕੇ ਅਕਾਲ ਪੁਰਖੁ ਦਾ ਨਾਮੁ ਸਿਮਰਿਆ ਹੈ, ਉਸ ਦੇ ਮਨ ਵਿਚ, ਤਨ ਵਿਚ ਉਪਜੀਆਂ ਸਾਰੀਆਂ ਇੱਛਾਂ ਪੂਰੀਆਂ ਹੋ ਜਾਂਦੀਆਂ ਹਨ, ਉਸ ਦੇ ਦਿਲ ਵਿਚੋਂ ਜਮ ਦਾ ਵੀ ਸਾਰਾ ਡਰ ਲਹਿ ਜਾਂਦਾ ਹੈ।

**ਮੇਰੇ ਮਨ ਗੁਣ ਗਾਵਹੁ ਰਾਮ ਨਾਮ ਹਰਿ ਕੇ ॥ ਗੁਰਿ ਤੁਠੈ ਮਨੁ ਪਰਬੋਧਿਆ ਹਰਿ ਪੀਆ ਰਸੁ ਗਟਕੇ ॥੧॥ ਰਹਾਉ ॥ ਸਤਸੰਗਤਿ ਊਤਮ ਸਤਿਗੁਰ ਕੇਰੀ ਗੁਨ ਗਾਵੈ ਹਰਿ ਪ੍ਰਭ ਕੇ ॥ ਹਰਿ ਕਿਰਪਾ ਧਾਰਿ ਮੇਲਹੁ ਸਤਸੰਗਤਿ ਹਮ ਧੋਵਹ ਪਗ ਜਨ ਕੇ ॥੨॥ (੭੩੧)**

ਗੁਰੂ ਦੀ ਸੰਗਤਿ ਪ੍ਰਾਪਤ ਕਰਨ ਨਾਲ ਦੂਜਿਆਂ ਦਾ ਸੁਖ ਵੇਖ ਕੇ ਆਪਣੇ ਅੰਦਰੇ ਅੰਦਰ ਸੜਨ ਦੀ ਆਦਤ ਭੁੱਲ ਜਾਂਦੀ ਹੈ। ਫਿਰ ਨਾ ਕੋਈ ਵੈਰੀ ਦਿਸਦਾ ਹੈ, ਤੇ ਨਾ ਕੋਈ ਓਪਰਾ ਦਿਸਦਾ ਹੈ; ਸਾਰਿਆਂ ਨਾਲ ਮਨੁੱਖ ਦਾ ਪਿਆਰ ਬਣ ਜਾਂਦਾ ਹੈ। ਹੁਣ ਜੋ ਕੁਝ ਅਕਾਲ ਪੁਰਖੁ ਕਰਦਾ ਹੈ, ਮਨੁੱਖ ਉਸ ਨੂੰ ਸਭ ਜੀਵਾਂ ਦੇ ਲਈ ਭਲਾ ਹੀ ਮੰਨਦਾ ਹਾਂ। ਉਸ ਦੇ ਹੁਕਮੁ ਅਨੁਸਾਰ ਚਲਣ ਦਾ ਸੁਭਾਅ ਬਣ ਜਾਂਦਾ ਹੈ। ਇਹ ਚੰਗੀ ਅਕਲ ਆਪਣੇ ਗੁਰੂ ਕੋਲੋ ਹੀ ਸਿੱਖੀ ਜਾ ਸਕਦੀ ਹੈ। ਸਾਧ ਸੰਗਤਿ ਵਿਚ ਮਨੁੱਖ ਨੂੰ ਇਉਂ ਦਿਸਦਾ ਹੈ, ਕਿ ਇਕ ਅਕਾਲ ਪੁਰਖੁ ਹੀ ਸਭ ਜੀਵਾਂ ਵਿਚ ਮੌਜੂਦ ਹੈ। ਫਿਰ ਮਨੁੱਖ ਉਸ ਨੂੰ ਸਭ ਵਿਚ ਵਸਦਾ ਵੇਖ ਵੇਖ ਕੇ ਖ਼ੁਸ਼ ਹੁੰਦਾ ਹੈ।

**ਕਾਨੜਾ ਮਹਲਾ ੫ ॥ ਬਿਸਰਿ ਗਈ ਸਭ ਤਾਤਿ ਪਰਾਈ ॥ ਜਬ ਤੇ ਸਾਧਸੰਗਤਿ ਮੋਹਿ ਪਾਈ ॥੧॥ ਰਹਾਉ ॥ ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ ॥੧॥ ਜੋ ਪ੍ਰਭ ਕੀਨੋ ਸੋ ਭਲ ਮਾਨਿਓ ਏਹ ਸੁਮਤਿ ਸਾਧੂ ਤੇ ਪਾਈ ॥੨॥ ਸਭ ਮਹਿ ਰਵਿ ਰਹਿਆ ਪ੍ਰਭੁ ਏਕੈ ਪੇਖਿ ਪੇਖਿ ਨਾਨਕ ਬਿਗਸਾਈ ॥੩॥੮॥ (੧੨੯੯)**

ਵੱਡੇ ਭਾਗਾਂ ਵਾਲੇ ਮਨੁੱਖ ਅਕਾਲ ਪੁਰਖੁ ਦਾ ਮਿਲਾਪ ਕਰਾਣ ਵਾਲੀ ਸਤਸੰਗਤਿ ਪ੍ਰਾਪਤ ਕਰਦੇ ਹਨ। ਪਰ ਅਭਾਗੇ ਬੰਦੇ ਭਰਮਾਂ ਤੇ ਭਟਕਣਾ ਵਿਚ ਪੈ ਕੇ ਚੋਟਾਂ ਖਾਂਦੇ ਹਨ, ਤੇ ਵਿਕਾਰਾਂ ਵਿਚ ਫਸ ਕੇ ਦੁਖ ਤੇ ਕਸ਼ਟ ਸਹਾਰਦੇ ਹਨ। ਚੰਗੀ ਕਿਸਮਤ ਤੋਂ ਬਿਨਾ ਸਤਸੰਗਤਿ ਨਹੀਂ ਮਿਲਦੀ। ਸਤਸੰਗਤਿ ਤੋਂ ਬਿਨਾ ਮਨੁੱਖ ਦਾ ਮਨ ਵਿਕਾਰਾਂ ਦੀ ਮੈਲ ਨਾਲ ਲਿਬੜਿਆ ਰਹਿੰਦਾ ਹੈ।

**ਵਡਭਾਗੀ ਹਰਿ ਸੰਗਤਿ ਪਾਵਹਿ ॥ ਭਾਗਹੀਨ ਭਰਮਿ ਚੋਟਾ ਖਾਵਹਿ॥ ਬਿਨੁ ਭਾਗਾ ਸਤਸੰਗ ਨ ਲਭੈ ਬਿਨੁ ਸੰਗਤਿ ਮੈਲੁ ਭਰੀਜੈ ਜੀਉ ॥੩॥ {੯੫}**

ਸਤਸੰਗਤਿ ਇਕ ਅਜੇਹਾ ਇਕੱਠ ਹੈ ਜਿਸ ਵਿਚ ਬੈਠ ਕੇ ਉਸ ਅਕਾਲ ਪੁਰਖੁ ਨੂੰ ਜੋ ਨਾਸ ਰਹਿਤ ਹੈ, ਤੇ, ਜੋ ਸਾਰੇ ਜੀਵਾਂ ਨੂੰ ਦਾਤਾਂ ਦੇਣ ਵਾਲਾ ਹੈ, ਯਾਦ ਕਰਨ ਨਾਲ ਮਨ ਵਿਚੋਂ ਵਿਕਾਰਾਂ ਦੀ ਸਾਰੀ ਮੈਲ ਨਿਕਲ ਜਾਂਦੀ ਹੈ। ਉਹ ਅਕਾਲ ਪੁਰਖੁ ਸਾਰੇ ਗੁਣਾਂ ਦਾ ਖ਼ਜ਼ਾਨਾ ਹੈ, ਭਗਤਾਂ ਵਾਸਤੇ

ਹਰ ਵੇਲੇ ਦਾ ਸਹਾਰਾ ਹੈ, ਪਰ ਕੋਈ ਵਿਰਲਾ ਮਨੁੱਖ ਉਸ ਦਾ ਮਿਲਾਪ ਹਾਸਲ ਕਰਦਾ ਹੈ। ਇਸ ਲਈ ਆਪਣੇ ਮਨ ਨੂੰ ਇਹ ਸਮਝਾਉਣਾ ਹੈ, ਕਿ ਉਸ ਅਕਾਲ ਪੁਰਖੁ ਨੂੰ ਜਪਿਆ ਕਰੋ ਜੋ ਸਭ ਤੋਂ ਵੱਡਾ ਹੈ, ਜੋ ਸ੍ਰਿਸ਼ਟੀ ਨੂੰ ਪਾਲਣ ਵਾਲਾ ਹੈ, ਤੇ, ਜਿਸ ਦਾ ਆਸਰਾ ਲਿਆਂ ਸੁਖ ਪ੍ਰਾਪਤ ਕਰ ਲਈਦਾ ਹੈ, ਫਿਰ ਕਦੇ ਦੁੱਖ ਨਹੀਂ ਵਿਆਪਦਾ। ਵੱਡੀ ਕਿਸਮਤ ਨਾਲ ਹੀ ਗੁਰੂ ਦੀ ਸੰਗਤਿ ਹਾਸਲ ਹੁੰਦੀ ਹੈ, ਜਿਸ ਨੂੰ ਮਿਲਿਆਂ ਖੋਟੀ ਬੁੱਧੀ ਨਾਸ ਹੋ ਜਾਂਦੀ ਹੈ। ਗੁਰੂ ਸਾਹਿਬ ਤਾਂ ਆਪ ਉਨ੍ਹਾਂ ਦੇ ਚਰਨਾਂ ਦੀ ਧੂੜ ਮੰਗਦੇ ਹਨ, ਜਿਨ੍ਹਾਂ ਨੇ ਅਕਾਲ ਪੁਰਖੁ ਦਾ ਨਾਮੁ ਆਪਣੇ ਹਿਰਦੇ ਵਿਚ ਪਰੋ ਰੱਖਿਆ ਹੈ।

**ਸੋਰਠਿ ਮਹਲਾ ੫ ॥ ਅਬਿਨਾਸੀ ਜੀਅਨ ਕੋ ਦਾਤਾ ਸਿਮਰਤ ਸਭ ਮਲੁ ਖੋਈ ॥ ਗੁਣ ਨਿਧਾਨ ਭਗਤਨ ਕਉ ਬਰਤਨਿ ਬਿਰਲਾ ਪਾਵੈ ਕੋਈ ॥੧॥ ਮੇਰੇ ਮਨ ਜਪਿ ਗੁਰ ਗੋਪਾਲ ਪ੍ਰਭੁ ਸੋਈ ॥ ਜਾ ਕੀ ਸਰਣਿ ਪਇਆਂ ਸੁਖੁ ਪਾਈਐ ਬਾਹੁੜਿ ਦੂਖੁ ਨ ਹੋਈ ॥੧॥ ਰਹਾਉ ॥ ਵਡਭਾਗੀ ਸਾਧਸੰਗੁ ਪਰਾਪਤਿ ਤਿਨ ਭੇਟਤ ਦੁਰਮਤਿ ਖੋਈ ॥ ਤਿਨ ਕੀ ਧੂਰਿ ਨਾਨਕੁ ਦਾਸੁ ਬਾਛੈ ਜਿਨ ਹਰਿ ਨਾਮੁ ਰਿਦੈ ਪਰੋਈ ॥੨॥੫॥੩੩॥ {੬੧੭}**

ਕੁਦਰਤ ਵਿਚ ਵਿਚਰ ਰਹੀ ਹਰੇਕ ਚੀਜ ਦੇ ਦੋ ਪਹਿਲੂ ਹੋ ਸਕਦੇ ਹਨ। ਭਾਈ ਗੁਰਦਾਸ ਜੀ ਆਪਣੀ ਰਚਨਾ ਵਿਚ ਸਮਝਾਉਂਦੇ ਹਨ, ਕਿ ਕਿਸੇ ਹਵਾ ਨਾਲ ਤਾਂ ਵਰਖਾ ਹੁੰਦੀ ਹੈ ਅਤੇ ਕਿਸੇ ਹਵਾ ਨਾਲ ਤਾਂ ਬੱਦਲ ਵੀ ਉੱਡ ਜਾਂਦੇ ਹਨ। ਪਾਣੀ ਸਾਡੇ ਸਰੀਰ ਦਾ ਇਕ ਜਰੂਰੀ ਹਿਸਾ ਹੈ, ਜਿਸ ਕਰਕੇ ਅਸੀਂ ਜਿਉਂਦੇ ਹਾਂ, ਇਸ ਦੇ ਉਲਟ ਹੜ ਦਾ ਪਾਣੀ ਤਬਾਹੀ ਵੀ ਲਿਆ ਦੇਂਦਾ ਹੈ। ਕਿਸੇ ਅੱਗ ਨਾਲ ਤਾਂ ਰਸੋਈ ਵਿਚ ਖਾਣਾਂ ਬਣਦਾ ਹੈ, ਅਤੇ ਕਿਸੇ ਅੱਗ ਨਾਲ ਤਾਂ ਭਵਨ ਵੀ ਸੜ ਕੇ ਸਵਾਹ ਹੋ ਜਾਂਦੇ ਹਨ। ਇਸੇ ਤਰ੍ਹਾਂ ਕਿਸੇ ਸੰਗਤ {ਸਤਸੰਗਤਿ} ਨਾਲ ਤਾਂ ਜੀਵਨ ਮੁਕਤੀ ਪ੍ਰਾਪਤ ਹੁੰਦੀ ਹੈ। ਅਤੇ ਕਿਸੇ ਸੰਗਤ {ਕੁਸੰਗਤ} ਨਾਲ ਤਾਂ ਜਮਾਂ ਦੀ ਮਾਰ ਪੈਂਦੀ ਹੈ ਤੇ ਜੀਵਨ ਬਰਬਾਦ ਹੋ ਸਕਦਾ ਹੈ।

**ਕਾਹੂ ਦਸਾਕੇ ਪਵਨ ਗਵਨ ਕੈ ਬਰਖਾ ਹੈ ਕਾਹੂ ਦਸਾਕੇ ਪਵਨ ਬਾਦਰ ਬਿਲਾਤ ਹੈ। ਕਾਹੂ ਜਲ ਪਾਨ ਕੀਏ ਰਹਤ ਅਰੋਗ ਦੇਹੀ ਕਾਹੂ ਜਲ ਪਾਨ ਬਿਆਪੇ ਬ੍ਰਿਥਾ ਬਿਲਲਾਤ ਹੈ। ਕਾਹੂ ਗ੍ਰਿਹ ਕੀ ਅਗਨਿ ਪਾਕ ਸਾਕ ਸਿਧਿ ਕਰੈ ਕਾਹੂ ਗ੍ਰਿਹ ਕੀ ਅਗਨਿ ਭਵਨੁ ਜਗਤ ਹੈ। ਕਾਹੂ ਕੀ ਸੰਗਤ ਮਿਲਿ ਜੀਵਨ ਮੁਕਤਿ ਹੁਇ ਕਾਹੂ ਕੀ ਸੰਗਤਿ ਮਿਲਿ ਜਮੁਪੁਰਿ ਜਾਤ ਹੈ ॥੫੪੯॥ (ਕਬਿਤ)**

**ਇਸ ਲਈ ਸੰਗਤ ਉਹ ਬਣਾਉ ਜੋ ਮੁਨੱਖਾ ਜੀਵਨ ਉੱਚਾ ਲੈ ਕੇ ਜਾਵੇ। ਜਿਸ ਤਰ੍ਹਾਂ ਕਿ** ਗੁਰਬਾਣੀ ਦੀ ਸੰਗਤ, ਗੁਰਮੁਖਾਂ ਦੀ ਸੰਗਤ, ਗੁਰਬਾਣੀ ਤੇ ਇਤਿਹਾਸ ਦੀਆਂ ਪੁਸਤਕਾਂ ਦੀ ਸੰਗਤ, ਆਤਮਿਕ ਤਲ ਤੇ ਅਕਾਲ ਪੁਰਖੁ ਦੀ ਸੰਗਤ। ਸਭ ਤੋਂ ਉਤਮ ਸੰਗਤ ਹੈ, ਗੁਰੂ ਦੀ ਸੰਗਤ, ਜਿਸ ਦੁਆਰਾ ਅਕਾਲ ਪੁਰਖੁ ਦੀ ਸੰਗਤ ਵੀ ਆਪਣੇ ਆਪ ਪ੍ਰਾਪਤ ਹੋ ਜਾਂਦੀ ਹੈ। ਇਹ ਕਈ ਤਰ੍ਹਾਂ ਦੇ ਉਪਰਾਲਿਆਂ ਨਾਲ ਪ੍ਰਾਪਤ ਹੋ ਸਕਦੀ ਹੈ। ਜਿਸ ਤਰ੍ਹਾਂ ਕਿ ਅੰਮ੍ਰਿਤ ਵੇਲੇ ਗੁਰਬਾਣੀ ਨੂੰ ਪੜ੍ਹਨਾਂ, ਸੁਣਨਾ ਤੇ ਵਿਚਾਰਨਾ, ਕੀਰਤਨ ਕਥਾ ਦੇ ਦੌਰਾਨ ਸਮਝਾਏ ਗਏ ਸ਼ਬਦਾ ਨੂੰ ਘਰ ਆ ਕੇ ਦੁਬਾਰਾ ਪੜ੍ਹਨਾਂ ਤੇ ਸਮਝਣਾਂ, ਰੋਜ਼ਾਨਾ ਅਰਦਾਸ ਕਰਨੀ ਤਾਂ ਜੋ ਹਉਮੈਂ ਘਟੇ ਤੇ ਗੁਰਮਤਿ ਅਨੁਸਾਰ ਦੱਸੇ ਗਏ ਮਾਰਗ ਤੇ ਚਲਣ ਲਈ ਆਸਾਨੀ ਹੋ ਸਕੇ। ਆਪਣੇ ਨਿਜੀ, ਦੁਨਿਆਵੀ, ਸਮਾਜਕ, ਗੁਰੂ ਘਰ ਦੇ ਕਾਰਜਾ ਨੂੰ ਨਿਰਧਾਰਤ ਸਮੇਂ ਅਨੁਸਾਰ ਕਰਨ ਦੀ ਆਦਤ ਪਾਉਣੀ ਚਾਹੀਦੀ ਹੈ। ਜੀਵਨ ਨੂੰ ਸੇਧ ਦੇਣ ਲਈ ਸਹੀ ਰਸਤੇ ਤੇ ਚਲਣਾ ਅਤੇ ਉਸ ਅਨੁਸਾਰ ਕਾਰਜ ਕਰਨੇ ਬਹੁਤ ਜਰੂਰੀ ਹਨ।

ਜੇ ਕਰ ਬਾਰਸ਼ ਨਾ ਹੋਵੇ ਤਾਂ ਅਸਮਾਨ ਸਾਫ ਨਹੀਂ ਰਹਿੰਦਾ ਹੈ, **ਕੇਸਾ ਨੂੰ ਜੇਕਰ ਤੇਲ ਨਾ ਲਾਇਆ ਜਾਵੇ ਤਾਂ ਕੇਸ ਠੀਕ ਤਰ੍ਹਾਂ ਟਿਕਦੇ ਨਹੀਂ ਹਨ, ਇਸ ਲਈ ਕੇਸਾ ਨੂੰ ਤੇਲ ਲਾਉਂਣਾਂ ਜਰੂਰੀ ਹੈ। ਸ਼ੀਸ਼ਾ ਸਾਫ ਨਾ ਕੀਤਾ ਜਾਵੇ ਤਾਂ ਉਸ ਵਿਚੋਂ ਕੁਝ ਦਿਖਾਈ ਨਹੀਂ ਦੇਂਦਾ ਹੈ। ਵਰਖਾ ਤੋਂ ਬਿਨਾ ਖੇਤ ਵਿਚ ਝੋਨਾਂ ਨਹੀਂ ਬੀਜਿਆ ਜਾ ਸਕਦਾ ਹੈ। ਦੀਵੇ ਦੀ ਰੌਸ਼ਨੀ ਤੋਂ ਬਿਨਾ ਘਰ ਵਿਚ ਅੰਧੇਰਾ ਰਹਿੰਦਾ ਹੈ। ਘਿਉ ਤੇ ਲੂਣ ਤੋਂ ਬਿਨਾ ਭੋਜਨ ਸੁਆਦ ਨਹੀਂ ਲਗਦਾ ਹੈ। ਉਸੇ ਤਰ੍ਹਾਂ** ਸਾਧਸੰਗਤਿ ਤੋਂ ਬਿਨਾਂ ਜਨਮ ਮਰਨ ਦਾ ਦੁਖ ਨਹੀਂ ਮਿਟਦਾ ਹੈ। ਗੁਰ ਗਿਆਨ ਤੋਂ ਬਿਨਾਂ ਭੈ ਅਤੇ ਭਰਮ ਨਹੀਂ ਮਿਟਦਾ ਹੈ।

**ਜੈਸੇ ਜਲ ਧੋਏ ਬਿਨੁ ਅੰਬਰ ਮਲੀਨ ਹੋਤ, ਬਿਨੁ ਤੇਲ ਮੇਲੇ ਜੈਸੇ ਕੇਸ ਹੂੰ ਭਇਆਨ ਹੈ। ਜੈਸੇ ਬਿਨੁ ਮਾਂਜੇ ਦਰਪਨ ਜੋਤਿਹੀਨ ਹੋਤ, ਬਰਖਾ ਬਿਹੂੰਨ ਜੈਸੇ ਖੇਤ ਮੈ ਨ ਧਾਨ ਹੈ। ਜੈਸੇ ਬਿਨੁ ਦੀਪਕੁ ਭਵਨ ਅੰਧਕਾਰ ਹੋਤ, ਲੋਨੇ ਘ੍ਰਿਤਿ ਬਿਨੁ ਜੈਸੇ ਭੋਜਨ ਸਮਾਨ ਹੈ। ਤੈਸੇ ਬਿਨੁ ਸਾਧਸੰਗਤਿ ਜਨਮ ਮਰਨ ਦੁਖ, ਮਿਟਤ ਨ ਭੈ ਭਰਮ ਬਿਨੁ ਗੁਰ ਗਿਆਨ ਹੈ ॥੫੩੭॥ (੫੩੭-੮)**

ਇਸ ਲਈ ਸਤਸੰਗਤਿ ਤੇ ਗੁਰਮਤਿ ਦਾ ਗਿਆਨ ਦੋਵੇਂ ਬਹੁਤ ਜਰੂਰੀ ਹਨ। ਸਤਸੰਗਤਿ ਵਿਚ ਗੁਰਮਤਿ ਤੇ ਗੁਰਮਤਿ ਅਨੁਸਾਰ ਦਿਤਾ ਗਿਆ ਗਿਆਨ ਸਾਂਝਾ ਕਰਕੇ, ਜਲਦੀ ਉੱਚਾ ਜਾਇਆ ਜਾ ਸਕਦਾ ਹੈ। ਸਾਂਝੇ ਉਪਰਾਲੇ ਨਾਲ ਵੱਡੇ ਵੱਡੇ ਕੰਮ ਆਸਾਨੀ ਨਾਲ ਕੀਤੇ ਜਾ ਸਕਦੇ ਹਨ।

ਭਾਈ ਗੁਰਦਾਸ ਜੀ ਨੇ ਅਪਾਣੀਆਂ ਵਾਰਾਂ ਵਿਚ ਸਮਝਾਇਆ ਹੈ, ਕਿ ਇਕ ਹੈ ਤਾਂ ਸਿੱਖ ਕਹਿ ਸਕਦੇ ਹਾਂ, ਦੋ ਸਾਧ ਸੰਗਤ ਦਾ ਰੂਪ ਹੋ ਜਾਂਦੇ ਹਨ। ਜੇ ਕਰ ਪੰਜ ਹੋ ਜਾਣ ਤਾਂ ਅਕਾਲ ਪੁਰਖੁ ਦਾ ਰੂਪ ਹੋ ਜਾਂਦੇ ਹਨ।

**ਇਕ ਸਿਖ ਦੁਇ ਸਾਧ ਸੰਗ ਪੰਜੀ ਪਰਮੇਸੁਰ॥ (੧੩-੧੯-੧) ਵਾਰਾਂ (ਭਾਈ ਗੁਰਦਾਸ ਜੀ)**

**ਇਸ ਲਈ ਜੇ ਕਰ ਪਤੀ ਪਤਨੀ ਦੀ, ਗੁਰੂ ਨਾਲ ਸੰਗਤ ਹੋ ਜਾਵੇ ਤਾਂ ਘਰ ਵਿੱਚ ਹੀ ਸਾਧਸੰਗਤ ਬਣ ਜਾਂਦੀ ਹੈ।**

ਗੁਰੂ ਸਾਹਿਬ ਤਾਂ ਆਪ ਆਪਣੇ ਆਪ ਨੂੰ ਸੰਬੋਧਨ ਕਰਕੇ ਕਹਿੰਦੇ ਹਨ, ਕਿ ਮੈਂ ਭਾਲ ਕਰ ਕੇ, ਤੇ ਭਾਲ ਕਰਾ ਕੇ, ਆਪਣਾ ਮਨ ਖੋਜਦਾ ਹਾਂ, ਆਪਣਾ ਸਰੀਰ ਖੋਜਦਾ ਹਾਂ, ਕਿ ਕਿਵੇਂ ਮੈਨੂੰ ਪਿਆਰਾ ਪ੍ਰੀਤਮ ਅਕਾਲ ਪੁਰਖੁ ਮਿਲ ਪਏ? ਸਤਸੰਗਤਿ ਵਿਚ ਵੀ ਮਿਲ ਕੇ ਉਸ ਪ੍ਰੀਤਮ ਦਾ ਪਤਾ ਪੁੱਛਦਾ ਹਾਂ, ਕਿਉਂਕਿ ਉਹ ਅਕਾਲ ਪੁਰਖੁ ਸਤਸੰਗਤਿ ਵਿਚ ਵੱਸਦਾ ਹੈ। ਇਸ ਲਈ ਅਕਾਲ ਪੁਰਖੁ ਨੂੰ ਲੱਭਣ ਲਈ ਕਿਸੇ ਖਾਸ ਥਾਂ ਤੇ ਜਾਣ ਦੀ ਲੋੜ ਨਹੀਂ ਹੈ। ਉਸ ਨੂੰ ਸਤਸੰਗਤਿ, ਭਾਵ ਗੁਰਬਾਣੀ ਦੀ ਸੰਗਤ ਵਿਚ ਪਾਇਆ ਜਾ ਸਕਦਾ ਹੈ।

**ਹਉ ਮਨੁ ਤਨੁ ਖੋਜੀ ਭਾਲਿ ਭਾਲਾਈ ॥ ਕਿਉ ਪਿਆਰਾ ਪ੍ਰੀਤਮੁ ਮਿਲੈ ਮੇਰੀ ਮਾਈ ॥ ਮਿਲਿ ਸਤਸੰਗਤਿ ਖੋਜੁ ਦਸਾਈ ਵਿਚਿ ਸੰਗਤਿ ਹਰਿ ਪ੍ਰਭੁ ਵਸੈ ਜੀਉ ॥੨॥ (੯੪)**

ਸਰੀਰਕ ਤੌਰ ਤੇ ਅਸੀ ਮੱਥਾ ਜੁਗੋ ਜੁਗ ਅਟੱਲ ਗੁਰੂ ਗਰੰਥ ਸਾਹਿਬ ਦੀ ਬੀੜ ਨੂੰ ਟੇਕਦੇ ਹਾਂ, ਕਿਉਕਿ ਇਕ ਸਿੱਖ ਦਾ ਫਰਜ ਹੈ, ਕਿ ਗੁਰੂ ਗਰੰਥ ਸਾਹਿਬ ਨੂੰ ਇਕ ਪੂਰਨ ਗੁਰੂ ਦੇ ਤੌਰ ਤੇ ਆਦਰ, ਸਤਿਕਾਰ ਅਤੇ ਮਾਣ ਦੇਣਾ ਹੈ। ਆਤਮਿਕ ਤੌਰ ਤੇ ਗੁਰੂ ਗਰੰਥ ਸਾਹਿਬ ਵਿਚ ਅੰਕਿਤ ਬਾਣੀ ਨੂੰ ਮੱਥਾ ਟੇਕਣਾਂ ਹੈ। ਇਸ ਲਈ ਜੇ ਕਰ ਬਾਣੀ ਪੜ੍ਹੀ ਜਾਂ ਸੁਣੀ ਹੀ ਨਾ ਤਾਂ ਆਤਮਿਕ ਤੌਰ ਤੇ ਮੱਥਾ ਕਿਵੇਂ ਟੇਕਿਆ ਪ੍ਰਵਾਨ ਹੋ ਸਕਦਾ ਹੈ।

ਗੁਰਦੁਆਰਾ ਸਾਹਿਬ ਦੇ ਅੰਦਰ ਹਰਿ ਦੀ ਵਡਿਆਈ ਸੁਣਨੀ ਹੈ, ਤਾਂ ਜੋ ਜੀਵਨ ਨੂੰ ਸੇਧ ਮਿਲ ਸਕੇ। ਵਿਅਕਤੀਗਤ ਵਡਿਆਈ ਜਾਂ ਘਟੀਆ ਲੋਕਾਂ ਦੀ ਪ੍ਰਸੰਸਾ ਪ੍ਰਵਾਨ ਨਹੀਂ। ਇਸ ਲਈ ਧੰਨਵਾਦ ਪ੍ਰਧਾਨ ਜਾਂ ਸਕੱਤਰ ਦਾ ਨਹੀਂ ਬਲਕਿ ਗੁਰੂ ਅਤੇ ਸਤਸੰਗਤਿ ਦਾ ਕਰਨਾ ਚਾਹੀਦਾ ਹੈ।

**ਸੰਗਤਿ ਕੀਨੀ ਖਾਲਸਾ ਮਨਮੁਖੀ ਦੁਹੇਲਾ॥ ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੁ ਚੇਲਾ ॥੧॥ (੪੧-੧-੮)**

ਜੀਵਨ ਵਿਚ ਸਾਥ ਬਹੁਤ ਜਰੂਰੀ ਹੈ। ਗੁਰੂ ਨਾਨਕ ਸਾਹਿਬ ਨੇ ਭਾਈ ਮਰਦਾਨਾ ਜੀ ਨੂੰ ਸਾਥੀ ਬਣਾ ਕੇ ਦੁਨੀਆਂ ਭਰ ਵਿਚ ੪ ਉਦਾਸੀਆਂ ਕੀਤੀਆਂ। ਸਤਸੰਗਤਿ ਨੂੰ ਸਦੀਵੀ ਕਾਲ ਲਈ ਕਾਇਮ ਕਰਨ ਲਈ ਗੁਰੂ ਨਾਨਕ ਸਾਹਿਬ ਨੇ ਭਾਈ ਲਹਿਣਾ ਜੀ (ਗੁਰੂ ਅੰਗਦ ਸਾਹਿਬ) ਨੂੰ ਆਪਣਾ ਸਾਥੀ ਬਣਾਇਆ। ਗੁਰੂ ਗੋਬਿੰਦ ਸਿੰਘ ਜੀ ਨੇ ਤਾਂ ਸਪੱਸ਼ਟ ਤੌਰ ਤੇ ਕਿਹਾ, **"ਇਨਹੀ ਕੀ ਕਿਰਪਾ ਸੇ ਸਜੇ ਹਮ ਹੈ"**। ਅਕਾਲ ਪੁਰਖੁ ਦੇ ਭਜਨ ਤੋਂ ਬਿਨਾ ਹੋਰ ਕੋਈ ਚੀਜ ਮਨੁੱਖ ਦੇ ਨਾਲ ਨਹੀਂ ਜਾਂਦੀ, ਸਾਰੀ ਮਾਇਆ ਜੋ ਮਨੁੱਖ ਕਮਾਉਂਦਾ ਰਹਿੰਦਾ ਹੈ, ਜਗਤ ਤੋਂ ਤੁਰਨ ਵੇਲੇ ਇਸ ਦੇ ਵਾਸਤੇ ਸੁਆਹ ਦੇ ਸਮਾਨ ਹੈ। ਅਕਾਲ ਪੁਰਖ ਦੇ ਨਾਮੁ ਦੀ ਕਮਾਈ ਕਰਨਾ ਹੀ ਸਭ ਤੋਂ ਚੰਗਾ ਧਨ ਹੈ, ਇਹੀ ਮਨੁੱਖ ਦੇ ਨਾਲ ਅੰਤ ਤੱਕ ਨਿਭਦਾ ਹੈ।

**ਸਲੋਕੁ ॥ ਸਾਥਿ ਨ ਚਾਲੈ ਬਿਨੁ ਭਜਨ ਬਿਖਿਆ ਸਗਲੀ ਛਾਰੁ ॥ ਹਰਿ ਹਰਿ ਨਾਮੁ ਕਮਾਵਨਾ ਨਾਨਕ ਇਹੁ ਧਨੁ ਸਾਰੁ ॥੧॥ (੨੮੮)**

ਇਸ ਲਈ ਜੀਵਨ ਵਿਚ ਖੁਸ਼ਹਾਲੀ ਕਾਇਮ ਕਰਨ ਲਈ ਸਭ ਨੂੰ ਸਾਥ ਬਣਾਉਣ ਲਈ ਸੱਦਾ ਦੇਣਾ ਹੈ। ਮਨੁੱਖਾਂ ਦਾ ਆਪਸੀ ਸਾਥ ਤਾਂ ਹੀ ਪੱਕਾ ਹੋ ਸਕਦਾ ਹੈ, ਜੇ ਕਰ ਸਾਰੇ ਜਾਣੇ, ਉਸ ਇਕ ਅਕਾਲ ਪੁਰਖੁ ਦੇ ਨਾਲ ਆਪਣਾ ਸਾਥ ਬਣਾ ਲੈਣ। ਸੰਗਤੀ ਰੂਪ ਵਿਚ ਹਰੀ ਦੇ ਜਸ ਗਾਉਣ ਨਾਲ ਆਤਮਿਕ ਆਨੰਦ ਮਿਲਦਾ ਹੈ। ਇਸ ਲਈ ਅਕਾਲ ਪੁਰਖੁ ਦੇ ਅੱਗੇ ਇਹੀ ਬੇਨਤੀ ਕਰਨੀ ਹੈ, ਕਿ ਹੇ ਮੇਰੇ ਪਿਆਰੇ ਗੁਰੂ {ਸ਼ਬਦ ਗੁਰੂ, ਗੁਰਬਾਣੀ} ਮੇਰੇ ਹਿਰਦੇ ਘਰ ਵਿਚ ਆ ਕੇ ਵੱਸ ਜਾਉ, ਤੇ ਮੇਰੇ ਕੰਨਾਂ ਵਿਚ ਅਕਾਲ ਪੁਰਖੁ ਦੀ ਸਿਫ਼ਤਿ ਸਾਲਾਹ ਸੁਣਾਉ। ਇਸ ਬਾਣੀ ਦੇ ਹਿਰਦੇ ਵਿਚ ਵੱਸਣ ਨਾਲ ਮਨ ਤੇ ਤਨ ਖੁਸ਼ਹਾਲ ਹੋ ਜਾਂਦਾ ਹੈ। ਇਹ ਤਾਂ ਹੀ ਸੰਭਵ ਹੋ ਸਕਦਾ ਹੈ, ਜੇ ਕਰ ਗੁਰਬਾਣੀ ਦਾ ਸੰਗ ਕਰਕੇ, ਅਕਾਲ ਪੁਰਖੁ ਦਾ ਜਸ ਗਾਇਨ ਕੀਤਾ ਜਾਵੇ। ਇਸ ਲਈ ਸਾਰਿਆ ਨੂੰ ਸੰਗਤੀ ਰੂਪ ਵਿਚ ਗੁਰਬਾਣੀ ਗਾਇਨ ਕਰਨ ਲਈ ਬੇਨਤੀ ਕਰਨੀ ਹੈ।

**ਮਾਰੂ ਮਹਲਾ ੫ ॥ ਆਉ ਜੀ ਤੂ ਆਉ ਹਮਾਰੈ ਹਰਿ ਜਸੁ ਸ੍ਰਵਨ ਸੁਨਾਵਨਾ ॥ ੧ ॥ ਰਹਾਉ ॥ ਤੁਧੁ ਆਵਤ ਮੇਰਾ ਮਨੁ ਤਨੁ ਹਰਿਆ ਹਰਿ ਜਸੁ ਤੁਮ ਸੰਗਿ ਗਾਵਨਾ ॥ (੧੦੧੮)**

ਮਨੁੱਖੀ ਮਨ ਅਜੇਹਾ ਚੰਚਲ ਹੈ, ਕਿ ਉਸ ਨੂੰ ਗੁਰਬਾਣੀ ਦੀ ਸੰਗਤ ਦੇ ਬਜਾਏ ਮਾਇਆਂ ਦੀ ਸੰਗਤ ਖਿਚਦੀ ਹੈ। ਕੋਈ ਚੀਜ਼ ਮਨੁੱਖ ਦੇ ਨਾਲ ਨਹੀਂ ਜਾ ਸਕਦੀ ਹੈ, ਇਥੋਂ ਤਕ ਕਿ ਇਹ ਸਰੀਰ ਵੀ ਇੱਥੇ ਹੀ ਨਾਸ ਹੋ ਜਾਂਦਾ ਹੈ। ਧਨ ਪਦਾਰਥ ਨੂੰ ਆਪਣਾ ਆਖ ਆਖ ਕੇ ਮੋਹ ਵਿਚ ਫਸਣਾ ਨਹੀਂ ਚਾਹੀਦਾ। ਕਬੀਰ ਸਾਹਿਬ ਤਾਂ ਸਮਝਾਉਂਦੇ ਹਨ, ਕਿ ਐ ਜੀਵ ਤੂੰ ਸ਼ਰਮ ਨਾਲ ਕਿਉਂ ਨਹੀਂ ਡੁੱਬ ਮਰਦਾ, ਜਦੋਂ ਤੂੰ ਇਹ ਆਖਦਾ ਹੈ, ਕਿ ਇਹ ਘਰ ਮੇਰਾ ਹੈ? ਚੇਤੇ ਰੱਖ ਜਿਸ ਵੇਲੇ ਮੌਤ ਆਵੇਗੀ, ਤਦੋਂ ਕੋਈ ਵੀ ਚੀਜ਼ ਤੇਰੀ ਨਹੀਂ ਰਹੇਗੀ।

**ਲਾਜ ਨ ਮਰਹੁ ਕਹਹੁ ਘਰੁ ਮੇਰਾ ॥ ਅੰਤ ਕੀ ਬਾਰ ਨਹੀ ਕਛੁ ਤੇਰਾ ॥੧॥ ਰਹਾਉ ॥ (੩੨੫)**

ਗੁਰਬਾਣੀ ਦੀ ਸੰਗਤ ਕਰਨ ਨਾਲ ਮਨੁੱਖ ਦਾ ਮਨ ਤੇ ਤਨ ਅਕਾਲ ਪੁਰਖੁ ਦੇ ਚਰਨਾਂ ਦੇ ਪਿਆਰ ਵਿਚ ਰੰਗਿਆ ਰਹਿੰਦਾ ਹੈ। ਅਕਾਲ ਪੁਰਖੁ ਉਸ ਦੀਆਂ ਸਾਰੀਆਂ ਲੋੜਾਂ ਪੂਰੀਆਂ ਕਰਦਾ ਰਹਿੰਦਾ ਹੈ। ਜੀਵ ਗੁਰਬਾਣੀ ਰੂਪੀ ਮੰਤਰ ਨਾਲ, ਅੱਠੇ ਪਹਰ ਅਕਾਲ ਪੁਰਖੁ ਦੇ ਗੁਣ ਗਾਇਨ ਕਰਦਾ ਰਹਿੰਦਾ ਹੈ। ਜਿਸ ਮਨੁੱਖ ਦਾ ਅਕਾਲ ਪੁਰਖੁ ਦੇ ਨਾਮੁ ਵਿਚ ਪਿਆਰ ਬਣ ਗਿਆ ਹੈ, ਉਹ ਵੱਡੇ ਭਾਗਾਂ ਵਾਲਾ ਹੋ ਜਾਂਦਾ ਹੈ। ਉਸ ਮਨੁੱਖ ਦੀ ਸੰਗਤਿ ਵਿਚ ਸਾਰਾ ਜਗਤ ਇਸ ਸੰਸਾਰ ਰੂਪੀ ਸਮੁੰਦਰ ਤੋਂ ਪਾਰ ਲੰਘ ਜਾਂਦਾ ਹੈ।

**ਸੋ ਵਡਭਾਗੀ ਜਿਸੁ ਨਾਮਿ ਪਿਆਰੁ ॥ ਤਿਸ ਕੈ ਸੰਗਿ ਤਰੈ ਸੰਸਾਰੁ ॥੧॥ ਰਹਾਉ ॥ (੧੧੪੯-੧੧੫੦)**

ਜੇਕਰ ਇਹ ਸਰੀਰ ਸਾਥ ਨਾ ਦੇਵੇ ਤਾਂ ਮਨੁੱਖਾ ਜੀਵਨ ਨਹੀਂ ਚਲ ਸਕਦਾ ਹੈ। ਪਰੰਤੂ ਸਰੀਰ ਦਾ ਸਾਥ ਇਸ ਲੋਕ ਤਕ ਹੀ ਹੈ, ਇਸ ਲਈ ਮਨੁੱਖ ਨੂੰ ਅੰਤ ਦੇ ਸਾਥ ਵੱਲ ਵੀ ਧਿਆਨ ਦੇਣਾਂ ਚਾਹੀਦਾ ਹੈ। ਗੁਰੂ ਦੇ ਸ਼ਬਦ ਦਾ ਸਾਥ ਇਕ ਅਜੇਹਾ ਸਾਥ ਹੈ, ਜਿਹੜਾ ਕਿ ਵਰਤਮਾਨ ਤੇ ਭਵਿੱਖ ਦੋਹਾਂ ਵਿਚ ਸਹਾਈ ਹੁੰਦਾਂ ਹੈ। ਇਹ ਸਾਡੇ ਵਡੇ ਭਾਗ ਹਨ, ਜਿਸ ਸਦਕਾ ਸਾਨੂੰ ਇਹ ਸੋਹਣਾ ਮਨੁੱਖਾ ਸਰੀਰ ਮਿਲਿਆ ਹੈ। ਮਨੁੱਖ ਲਈ ਅਕਾਲ ਪੁਰਖੁ ਨੂੰ ਮਿਲਣ ਦਾ ਇਹੀ ਮੌਕਾ ਹੈ। ਜੇ ਅਕਾਲ ਪੁਰਖੁ ਨੂੰ ਮਿਲਣ ਲਈ ਕੋਈ ਉੱਦਮ ਨਾ ਕੀਤਾ, ਤਾਂ ਹੋਰ ਸਾਰੇ ਕੰਮ ਕਿਸੇ ਵੀ ਅਰਥ ਨਹੀਂ ਆਉਣੇ, ਜਿੰਦ ਨੂੰ ਕੋਈ ਲਾਭ ਨਹੀਂ ਦੇ ਸਕਣਗੇ। ਗੁਰੂ ਸਾਹਿਬ ਸਮਝਾਉਂਦੇ ਹਨ, ਕਿ ਸਾਧਸੰਗਤਿ ਵਿਚ ਮਿਲ ਬੈਠਿਆ ਕਰ ਤੇ ਸਿਰਫ਼ ਅਕਾਲ ਪੁਰਖੁ ਦਾ ਨਾਮੁ ਯਾਦ ਕਰਿਆ ਕਰ। ਸਾਧ ਸੰਗਤਿ ਵਿਚ ਬੈਠਣ ਦਾ ਲਾਭ ਤਾਂ ਹੀ ਹੈ, ਜੇ ਉਥੇ ਤੂੰ ਅਕਾਲ ਪੁਰਖੁ ਦੀ ਸਿਫ਼ਤਿ ਸਾਲਾਹ ਵਿਚ ਜੁੜੇਂ। ਇਸ ਲਈ ਸੰਸਾਰ ਰੂਪੀ ਸਮੁੰਦਰ ਤੋਂ ਪਾਰ ਲੰਘਣ ਦੇ ਉਪਰਾਲੇ ਲਈ ਲੱਗ ਜਾ। ਨਿਰੇ ਮਾਇਆ ਦੇ ਪਿਆਰ ਵਿਚ ਇਹ ਮਨੁੱਖਾ ਜਨਮ ਵਿਅਰਥ ਜਾ ਰਿਹਾ ਹੈ।

**ਆਸਾ ਮਹਲਾ ੫ ॥ ਭਈ ਪਰਾਪਤਿ ਮਾਨੁਖ ਦੇਹੁਰੀਆ ॥ ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥ ਅਵਰਿ ਕਾਜ ਤੇਰੈ ਕਿਤੈ ਨ ਕਾਮ ॥ ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥੧॥ ਸਰੰਜਾਮਿ ਲਾਗੁ ਭਵਜਲ ਤਰਨ ਕੈ ॥ ਜਨਮੁ ਬ੍ਰਿਥਾ ਜਾਤ ਰੰਗਿ ਮਾਇਆ ਕੈ ॥੧॥ ਰਹਾਉ ॥ (੧੨)**

ਇਸ ਲਈ ਰੋਜਾਨਾ ਇਹੀ ਬੇਨਤੀ ਕਰਨੀ ਹੈ, ਕਿ ਹੇ ਮੇਰੇ ਪਿਆਰੇ! ਮੇਰੇ ਵਾਸਤੇ ਉਹ ਢੋ ਢੁਕਾਉ, ਜਿਸ ਦੇ ਰਾਹੀਂ ਮੇਰੀ ਜੀਭ ਅਕਾਲ ਪੁਰਖੁ ਦਾ ਨਾਮੁ ਉਚਾਰਦੀ ਰਹੇ। ਦੀਨਾਂ ਉਤੇ ਦਇਆ ਕਰਨ ਵਾਲੇ ਅਕਾਲ ਪੁਰਖੁ! ਮੇਰੀ ਬੇਨਤੀ ਸੁਣ, ਜਿਵੇਂ ਸੰਤ ਜਨ, ਸਦਾ ਤੇਰੇ ਰਸ ਭਰੇ ਗੁਣ ਗਾਉਂਦੇ ਰਹਿੰਦੇ ਹਨ, ਤਿਵੇਂ ਮੈਂ ਵੀ ਤੇਰੇ ਗੁਣ ਗਾਉਂਦੇ ਰਹਾਂ।

**ਸੂਹੀ ਮਹਲਾ ੫ ॥ ਸੇ ਸੰਜੋਗ ਕਰਹੁ ਮੇਰੇ ਪਿਆਰੇ ॥ ਜਿਤੁ ਰਸਨਾ ਹਰਿ ਨਾਮੁ ਉਚਾਰੇ ॥੧॥ ਸੁਣਿ ਬੇਨਤੀ ਪ੍ਰਭ ਦੀਨ ਦਇਆਲਾ ॥ ਸਾਧ ਗਾਵਹਿ ਗੁਣ ਸਦਾ ਰਸਾਲਾ ॥੧॥ ਰਹਾਉ ॥ (੭੪੩)**

ਆਮ ਤੌਰ ਤੇ ਲੋਕ ਮਿਥੇ ਹੋਏ ਧਾਰਮਿਕ ਕਰਮ ਹੀ ਕਰਦੇ ਹਨ। ਉਹ ਇਹ ਸੋਚਦੇ ਹਨ, ਕਿ ਇਸ ਤਰ੍ਹਾਂ ਅਕਾਲ ਪੁਰਖੁ ਨੂੰ ਪਾਇਆ ਜਾ ਸਕਦਾ ਹੈ। ਪਰੰਤੂ ਇਹਨਾਂ ਸਾਧਨਾਂ ਨਾਲ ਪੰਜ ਵਿਕਾਰਾਂ ਤੇ ਕਾਬੂ ਨਹੀਂ ਪਾਇਆ ਜਾ ਸਕਦਾ ਹੈ, ਸਗੋਂ ਹੰਕਾਰ ਵਿਚ ਹੋਰ ਵਾਧਾ ਹੋ ਜਾਦਾ ਹੈ। ਗੁਰੂ ਸਾਹਿਬ ਸਮਝਾਉਂਦੇ ਹਨ ਕਿ ਸਾਧਸੰਗਤਿ ਵਿਚ ਬੈਠ ਕੇ ਅਕਾਲ ਪੁਰਖੁ ਦੀ ਸਿਫ਼ਤਿ ਸਾਲਾਹ ਕਰਨੀ ਹੀ ਹੋਰ ਸਾਰੇ ਕਰਮਾਂ ਨਾਲੋਂ ਸ੍ਰੇਸ਼ਟ ਕਰਮ ਹੈ।

**ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ ॥ ਕਹੁ ਨਾਨਕ ਤਿਸੁ ਭਇਓ ਪਰਾਪਤਿ ਜਿਸੁ ਪੁਰਬ ਲਿਖੇ ਕਾ ਲਹਨਾ ॥੮॥ (੬੪੧, ੬੪੨)**

ਅਕਾਲ ਪੁਰਖੁ ਦੇ ਗੁਣ ਗਾਉਂਣੇ ਸਿਖਣ ਲਈ ਗੁਰੂ ਦੀ ਸਾਧਸੰਗਤਿ ਵਿਚ ਮਿਲਣਾ ਚਾਹੀਦਾ ਹੈ। ਗੁਰਬਾਣੀ ਦੁਆਰਾ ਸੰਗਤਿ ਵਿਚ ਮਿਲ ਕੇ ਅਕਾਲ ਪੁਰਖੁ ਦੇ ਗੁਣ ਗਾਉਂਣੇ ਹਨ। ਜਿਹੜਾ ਮਨੁੱਖ ਅਕਾਲ ਪੁਰਖੁ ਦੇ ਗੁਣ ਗਾਉਂਦਾ ਹੈ, ਉਸ ਦੇ ਅੰਦਰ ਗੁਰੂ ਦੇ ਬਖ਼ਸ਼ੇ ਗਿਆਨ ਦਾ ਰਤਨ ਚਮਕ ਪੈਂਦਾ ਹੈ, ਉਸ ਦੇ ਹਿਰਦੇ ਵਿਚ ਆਤਮਕ ਗਿਆਨ ਦਾ ਚਾਨਣ ਹੋ ਜਾਂਦਾ ਹੈ, ਅਗਿਆਨਤਾ ਦਾ ਹਨੇਰਾ ਦੂਰ ਹੋ ਜਾਂਦਾ ਹੈ। ਇਸ ਲਈ ਅਕਾਲ ਪੁਰਖੁ ਦਾ ਨਾਮੁ ਯਾਦ ਕਰ ਕਰ ਕੇ ਨੱਚੋ। ਇਥੇ ਨੱਚਣ ਦਾ ਭਾਵ ਸਰੀਰਕ ਤੌਰ ਤੇ ਨੱਚਣਾ ਨਹੀਂ ਹੈ, ਆਪਣੇ ਮਨ ਨੂੰ ਗੁਰਬਾਣੀ ਅਨੁਸਾਰ ਚਲਾਉਂਣਾ ਹੈ, ਤਾਂ ਜੋ ਅਕਾਲ ਪੁਰਖੁ ਦੀ ਯਾਦ ਹਿਰਦੇ ਵਿਚ ਹਮੇਸ਼ਾਂ ਕਾਇਮ ਰਹੇ। ਕਾਮਨਾ ਇਹੀ ਕਰਨੀ ਹੈ, ਕਿ ਅਜੇਹੇ ਗੁਰਮੁੱਖਾਂ ਦੀ ਸੰਗਤ ਮਿਲ ਜਾਏ, ਜਿਹੜੇ ਆਪਣੇ ਹਿਰਦੇ ਵਿਚ ਅਕਾਲ ਪੁਰਖੁ ਦੀ ਯਾਦ ਹਮੇਸ਼ਾਂ ਕਾਇਮ ਰੱਖਦੇ ਹਨ। ਤਾਂ ਜੋ ਉਨ੍ਹਾਂ ਦੇ ਪਾਏ ਪੂਰਨਿਆਂ ਤੇ ਚਲ ਕੇ ਅਸੀਂ ਵੀ ਆਪਣਾ ਜੀਵਨ ਸਫਲ ਕਰ ਸਕੀਏ।

**ਆਸਾ ਮਹਲਾ ੪ ॥ ਸਤਸੰਗਤਿ ਮਿਲੀਐ ਹਰਿ ਸਾਧੂ ਮਿਲਿ ਸੰਗਤਿ ਹਰਿ ਗੁਣ ਗਾਇ ॥ ਗਿਆਨ ਰਤਨੁ ਬਲਿਆ ਘਟਿ ਚਾਨਣੁ ਅਗਿਆਨੁ ਅੰਧੇਰਾ ਜਾਇ ॥੧॥ ਹਰਿ ਜਨ ਨਾਚਹੁ ਹਰਿ ਹਰਿ ਧਿਆਇ ॥ ਐਸੇ ਸੰਤ ਮਿਲਹਿ ਮੇਰੇ ਭਾਈ ਹਮ ਜਨ ਕੇ ਧੋਵਹ ਪਾਇ ॥੧॥ ਰਹਾਉ ॥ (੩੬੮)**

ਜਿਸ ਮਨੁੱਖ ਨੇ ਗੁਰੂ ਦੀ ਸੰਗਤਿ ਵਿਚ ਰਹਿ ਕੇ ਆਪਣੇ ਅੰਦਰ ਅਕਾਲ ਪੁਰਖ ਨੂੰ ਵੇਖਿਆ ਹੈ, ਉਸ ਨੂੰ ਅਕਾਲ ਪੁਰਖ ਦਾ ਨਾਮੁ ਮਿਠਾ ਤੇ ਪਿਆਰਾ ਲੱਗਣ ਲੱਗ ਪੈਂਦਾ ਹੈ। ਜਗਤ ਦੇ ਸਾਰੇ ਪਦਾਰਥ ਉਸ ਨੂੰ ਇਕ ਅਕਾਲ ਪੁਰਖ ਵਿਚ ਹੀ ਲੀਨ ਦਿੱਸਦੇ ਹਨ, ਉਸ ਨੂੰ ਅਕਾਲ ਪੁਰਖ ਤੋਂ ਹੀ ਅਨੇਕਾਂ ਕਿਸਮਾਂ ਦੇ ਰੰਗ ਤਮਾਸ਼ੇ ਨਿਕਲੇ ਹੋਏ ਦਿਖਾਈ ਦੇਂਦੇ ਹਨ। ਮਨੁੱਖ ਦੇ ਸਰੀਰ ਵਿਚ ਅਕਾਲ ਪੁਰਖ ਦੇ ਉਸ ਨਾਮੁ ਦਾ ਟਿਕਾਣਾ ਹੋ ਜਾਂਦਾ ਹੈ, ਜੋ ਕਿ ਮਾਨੋ, ਜਗਤ ਦੇ ਨੌਂ ਖ਼ਜ਼ਾਨਿਆਂ ਦੇ ਬਰਾਬਰ ਹੈ, ਤੇ ਅੰਮ੍ਰਿਤ ਹੈ। ਮਨੁੱਖ ਦੀ ਅੰਦਰਲੀ ਸੁਰਤਿ ਅਕਾਲ ਪੁਰਖ ਨਾਲ ਜੁੜੀ ਰਹਿੰਦੀ ਹੈ, ਤੇ ਅਜੇਹਾ ਆਨੰਦ ਬਣਿਆ ਰਹਿੰਦਾ ਹੈ, ਜਿਹੜਾ ਕਿ ਬਿਆਨ ਨਹੀਂ ਕੀਤਾ ਜਾ ਸਕਦਾ। ਪਰੰਤੂ ਇਹ ਆਨੰਦ ਉਸ ਮਨੁੱਖ ਨੇ ਹੀ ਵੇਖਿਆ ਹੈ, ਜਿਸ ਨੂੰ ਅਕਾਲ ਪੁਰਖ ਆਪ ਵਿਖਾਉਂਦਾ ਹੈ, ਤੇ ਅਸਲੀ ਆਨੰਦ ਦੀ ਸਮਝ ਬਖ਼ਸ਼ਦਾ ਹੈ।

**ਅਸਟਪਦੀ ॥ ਸੰਤਸੰਗਿ ਅੰਤਰਿ ਪ੍ਰਭੁ ਡੀਠਾ ॥ ਨਾਮੁ ਪ੍ਰਭੂ ਕਾ ਲਾਗਾ ਮੀਠਾ ॥ ਸਗਲ ਸਮਿਗ੍ਰੀ ਏਕਸੁ ਘਟ ਮਾਹਿ ॥ ਅਨਿਕ ਰੰਗ ਨਾਨਾ ਦ੍ਰਿਸਟਾਹਿ ॥ ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥ ਦੇਹੀ ਮਹਿ ਇਸ ਕਾ ਬਿਸ੍ਰਾਮੁ ॥ (੨੯੩)**

**ਜੇ ਕਰ ਉਪਰ ਲਿਖੀਆਂ, ਗੁਰਬਾਣੀ ਦੀਆਂ ਸਿਖਿਆਵਾਂ, ਨੂੰ ਇਕੱਠਾ ਕਰੀਏ ਤਾਂ ਅਸੀਂ ਸੰਖੇਪ ਵਿਚ ਕਹਿ ਸਕਦੇ ਹਾਂ ਕਿ**

- ਸਤਿਸੰਗਤਿ ਉਹ ਹੈ, ਜਿਥੇ ਸਿਰਫ ਅਕਾਲ ਪੁਰਖੁ ਦਾ ਨਾਮੁ ਸਲਾਹਿਆ ਜਾਂਦਾ ਹੈ। ਨਾਮੁ ਤੇ ਹੁਕਮੁ ਦੀ ਸੋਝੀ ਸਿਰਫ ਸਤਿਗੁਰੂ ਹੀ ਦੇ ਸਕਦਾ ਹੈ।
- ਗੁਰਬਾਣੀ ਨੂੰ ਹਿਰਦੇ ਵਿਚ ਵਸਾਉਣ ਨਾਲ ਇਕ ਵਿਕਾਰੀ ਮਨੁੱਖ, ਦੁਖਾਂ ਵਿਚੋਂ ਨਿਕਲ ਕੇ ਖੁਸ਼ਹਾਲ ਜੀਵਨ ਬਤੀਤ ਕਰ ਸਕਦਾ ਹੈ।
- ਜਿਹੜੇ ਗੁਰੂ ਦੀ ਸ਼ਰਨ ਵਿਚ ਤੇ ਗੁਰੂ ਦੀ ਸਤਸੰਗਤਿ ਵਿਚ ਨਹੀਂ ਆਉਦੇ ਹਨ, ਲਾਹਨਤ ਹੈ ਉਨ੍ਹਾਂ ਦੇ ਜੀਊਣ ਨੂੰ, ਉਨ੍ਹਾਂ ਦਾ ਜੀਊਣਾ ਫਿਟਕਾਰ ਜੋਗ ਹੈ।
- ਜਿਨ੍ਹਾਂ ਅਕਾਲ ਪੁਰਖੁ ਦੇ ਸੇਵਕਾਂ ਨੂੰ ਗੁਰੂ ਦੀ ਸੰਗਤਿ ਵਿਚ ਬੈਠਣਾ ਨਸੀਬ ਹੋਇਆ ਹੈ, ਸਮਝੋ ਉਨ੍ਹਾਂ ਦੇ ਮੱਥੇ ਉਤੇ ਧੁਰ ਤੋਂ ਹੀ ਚੰਗਾ ਲੇਖ ਲਿਖਿਆ ਹੋਇਆ ਹੈ।
- ਸਤਸੰਗਤਿ ਸਤਿਗੁਰੂ ਦੀ ਪਾਠਸ਼ਾਲਾ ਹੈ, ਜਿਥੇ ਅਕਾਲ ਪੁਰਖੁ ਦੇ ਗੁਣ ਸਿਖੇ ਜਾ ਸਕਦੇ ਹਨ।
- ਜਿਵੇਂ ਚੰਦਨ ਦੇ ਨੇੜੇ ਵਿਚਾਰਾ ਅਰਿੰਡ ਦਾ ਬੂਟਾ ਵੱਸਦਾ ਹੈ ਤੇ ਸੁਗੰਧਿਤ ਹੋ ਜਾਂਦਾ ਹੈ, ਤਿਵੇਂ ਸਾਧਸੰਗਤਿ ਵਿਚ ਮਿਲ ਕੇ ਵਿਕਾਰੀ ਵੀ ਪਵਿਤਰ ਹੋ ਕੇ ਕਬੂਲ ਹੋ ਜਾਂਦਾ ਹੈ।
- ਗੁਰਮੁਖਾਂ ਦੀ ਸੰਗਤਿ ਵਿਚ ਰਹਿ ਕੇ, ਗੁਰਮਤਿ ਦੇ ਮਾਰਗ ਤੇ ਚਲ ਕੇ, ਮਨੁੱਖ ਦੇ ਵਿਕਾਰ ਮਿਟ ਜਾਂਦੇ ਹਨ ਤੇ ਉਹ ਉਚੇ ਜੀਵਨ ਵਾਲਾ ਬਣ ਜਾਂਦਾ ਹੈ।

- ਸਤਸੰਗਤਿ ਵਿਚ ਹੰਕਾਰੀ ਬਣ ਕੇ ਨਹੀਂ ਆਉਂਣਾਂ ਹੈ। ਬਾਂਸ ਭਾਵੇ ਚੰਦਨ ਦੇ ਨੇੜੇ ਵੀ ਉਗਿਆ ਹੋਵੇ, ਉਸ ਵਿਚ ਚੰਦਨ ਵਾਲੀ ਸੁਗੰਧੀ ਨਹੀਂ ਆਉਦੀ। ਜਿਨੀ ਦੇਰ ਤਕ ਅੰਦਰ ਹੰਕਾਰ ਹੈ, ਉਤਨੀ ਦੇਰ ਤਕ ਅੰਦਰ ਨਾਮੁ ਨਹੀਂ ਵਸ ਸਕਦਾ।
- ਭੈੜੀ ਸੰਗਤ ਵਿਚ ਬੈਠਣ ਨਾਲ ਵਿਕਾਰਾਂ ਦਾ ਅਸਰ ਇਕ ਆਮ ਮਨੁੱਖ ਤੇ ਵੀ ਹੋ ਜਾਂਦਾ ਹੈ, ਜਿਸ ਕਰਕੇ ਉਸ ਦਾ ਜੀਵਨ ਵਿਕਾਰਾ ਵਾਲਾ ਹੋ ਜਾਂਦਾ ਹੈ ਤੇ ਉਹ ਸਰੀਰਕ ਤੌਰ ਤੇ ਜਿਊਦਾ ਹੋਇਆ ਵੀ ਆਤਮਕ ਤੌਰ ਤੇ ਮਰਿਆ ਰਹਿੰਦਾ ਹੈ ਤੇ ਦੁਖਾਂ ਵਿਚ ਜੀਵਨ ਬਤੀਤ ਕਰਦਾ ਰਹਿੰਦਾ ਹੈ।
- ਸੱਭ ਤੋਂ ਉਤਮ ਸੰਗਤ ਸਤਿਗੁਰੂ (ਸ਼ਬਦ) ਦੀ ਹੈ। ਕਿਉਕਿ ਮਨੁੱਖ ਗੁਰਬਾਣੀ ਦੁਆਰਾ ਅਕਾਲ ਪੁਰਖੁ ਦੇ ਗੁਣ ਗਾਉਂਦਾ ਹੈ ਤੇ ਉਸ ਦਾ ਮਨ ਮਾਇਆ ਦੇ ਮੋਹ ਦੀ ਨੀਂਦ ਵਿਚੋਂ ਜਾਗ ਪੈਂਦਾ ਹੈ।
- ਗੁਰੂ ਦੀ ਸੰਗਤਿ ਪ੍ਰਾਪਤ ਕਰਨ ਨਾਲ ਦੂਜਿਆਂ ਦਾ ਸੁਖ ਵੇਖ ਕੇ ਆਪਣੇ ਅੰਦਰੇ ਅੰਦਰ ਸੜਨ ਦੀ ਆਦਤ ਭੁੱਲ ਜਾਂਦੀ ਹੈ। ਫਿਰ ਨਾ ਕੋਈ ਵੈਰੀ ਦਿਸਦਾ ਤੇ ਨਾ ਕੋਈ ਓਪਰਾ ਦਿਸਦਾ ਹੈ; ਸਾਰਿਆਂ ਨਾਲ ਮਨੁੱਖ ਦਾ ਪਿਆਰ ਬਣ ਜਾਂਦਾ ਹੈ।
- ਸਤਸੰਗਤਿ ਨਾਲ ਜੀਵਨ ਮੁਕਤੀ ਪ੍ਰਾਪਤ ਹੁੰਦੀ ਹੈ।
- ਕੁਸੰਗਤ ਨਾਲ ਤਾਂ ਜਮਾਂ ਦੀ ਮਾਰ ਪੈਂਦੀ ਹੈ ਤੇ ਜੀਵਨ ਬਰਬਾਦ ਹੋ ਸਕਦਾ ਹੈ।
- ਸਾਧਸੰਗਤਿ ਤੋਂ ਬਿਨਾਂ ਜਨਮ ਮਰਨ ਦਾ ਦੁਖ ਨਹੀਂ ਮਿਟਦਾ ਹੈ। ਗੁਰ ਗਿਆਨ ਤੋਂ ਬਿਨਾਂ ਭੈ ਅਤੇ ਭਰਮ ਨਹੀਂ ਮਿਟਦਾ ਹੈ।
- ਸਤਸੰਗਤਿ ਵਿਚ ਗੁਰਮਤਿ ਤੇ ਗੁਰਮਤਿ ਅਨੁਸਾਰ ਦਿਤਾ ਗਿਆ ਗਿਆਨ ਸਾਂਝਾ ਕਰਕੇ, ਜਲਦੀ ਉੱਚਾ ਜਾਇਆ ਜਾ ਸਕਦਾ ਹੈ।
- ਜੇ ਕਰ ਪਤੀ ਪਤਨੀ ਦੀ, ਗੁਰੂ ਨਾਲ ਸੰਗਤ ਹੋ ਜਾਵੇ ਤਾਂ ਘਰ ਵਿੱਚ ਹੀ ਸਾਧਸੰਗਤ ਬਣ ਜਾਂਦੀ ਹੈ।
- ਸਾਧਸੰਗਤਿ ਵਿਚ ਬੈਠ ਕੇ ਅਕਾਲ ਪੁਰਖੁ ਦੀ ਸਿਫ਼ਤਿ ਸਾਲਾਹ ਕਰਨੀ, ਹੋਰ ਸਾਰੇ ਕਰਮਾਂ ਨਾਲੋਂ ਸ੍ਰੇਸ਼ਟ ਕਰਮ ਹੈ।
- ਅਕਾਲ ਪੁਰਖੁ ਨੂੰ ਲੱਭਣ ਲਈ ਕਿਸੇ ਖਾਸ ਥਾਂ ਤੇ ਜਾਣ ਦੀ ਲੋੜ ਨਹੀਂ ਹੈ। ਉਸ ਨੂੰ ਗੁਰਬਾਣੀ ਦੀ ਸੰਗਤ ਵਿਚ ਪਾਇਆ ਜਾ ਸਕਦਾ ਹੈ।

**ਉਪਰ ਲਿਖੇ ਸ਼ਬਦ ਤੇ ਗੁਰੂ ਗਰੰਥ ਸਾਹਿਬ ਵਿਚ ਅੰਕਿਤ ਹੋਰ ਅਨੇਕਾਂ ਸ਼ਬਦ, ਵਾਰ ਵਾਰ ਇਹੀ ਸਮਝਾਉਂਦੇ ਹਨ, ਕਿ ਅਕਾਲ ਪੁਰਖੁ ਦਾ ਨਾਮੁ ਹਿਰਦੇ ਵਿਚ ਵਸਾਉਣ ਲਈ,** ਸਤਸੰਗਤਿ **ਭਾਵ** ਗੁਰਬਾਣੀ ਦੀ ਸੰਗਤ ਕਰਨੀ ਬਹੁਤ ਜਰੂਰੀ ਹੈ। ਅਕਾਲ ਪੁਰਖੁ ਦੇ ਗੁਣ ਗਾਉਂਣੇ ਸਿਖਣ ਲਈ ਗੁਰੂ ਦੀ ਸਾਧਸੰਗਤਿ ਵਿਚ ਮਿਲਣਾ ਚਾਹੀਦਾ ਹੈ। ਗੁਰਬਾਣੀ ਦੁਆਰਾ ਸੰਗਤਿ ਵਿਚ ਮਿਲ ਕੇ ਅਕਾਲ ਪੁਰਖੁ ਦੇ ਗੁਣ ਗਾਉਂਣੇ ਹਨ। ਜਿਹੜਾ ਮਨੁੱਖ ਅਕਾਲ ਪੁਰਖੁ ਦੇ ਗੁਣ ਗਾਉਂਦਾ ਹੈ, ਉਸ ਦੇ ਅੰਦਰ ਗੁਰੂ ਦੇ ਬਖ਼ਸ਼ੇ ਗਿਆਨ ਦਾ ਰਤਨ ਚਮਕ ਪੈਂਦਾ ਹੈ, ਉਸ ਦੇ ਹਿਰਦੇ ਵਿਚ ਆਤਮਕ ਗਿਆਨ ਦਾ ਚਾਨਣ ਹੋ ਜਾਂਦਾ ਹੈ, ਅਗਿਆਨਤਾ ਦਾ ਹਨੇਰਾ ਦੂਰ ਹੋ ਜਾਂਦਾ ਹੈ। **ਗੁਰੂ ਦੀ ਸੱਚੀ ਬਾਣੀ, ਭਾਵ ਗੁਰੂ ਗਰੰਥ ਸਾਹਿਬ ਵਿਚ ਅੰਕਿਤ ਬਾਣੀ ਨੂੰ ਸੁਣਨ, ਸਮਝਣ, ਵੀਚਾਰਨ ਤੇ ਜੀਵਨ ਵਿਚ ਅਪਨਾਉਣਾਂ ਨਾਲ ਅਨੰਦ ਦੀ ਅਵਸਥਾ ਪ੍ਰਾਪਤ ਹੋ ਜਾਂਦੀ ਹੈ।**

**"ਵਾਹਿਗੁਰੂ ਜੀ ਕਾ ਖ਼ਾਲਸਾ ਵਾਹਿਗੁਰੂ ਜੀ ਕੀ ਫਤਿਹ"**

**( ਡਾ: ਸਰਬਜੀਤ ਸਿੰਘ )**
**ਆਰ ਐਚ ੧ / ਈ – ੮, ਸੈਕਟਰ – ੮,**
**ਵਾਸ਼ੀ, ਨਵੀਂ ਮੁੰਬਈ – ੪੦੦੭੦੩.**

**(Dr. Sarbjit Singh)**
**RH1 / E-8, Sector-8,**
**Vashi, Navi Mumbai - 400703.**
**Email = sarbjitsingh@yahoo.com**
**Web = https://gurmat-research.com/**
**http://www.geocities.ws/sarbjitsingh/**